Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 62 | Monday, March 29, 2021 | Tel: 905-793-2202 | Fax: 905-793-2282 | news@punjabipost.ca
To view our online newspaper visit **punjabipost.ca/epaper** | THE ONLY DAILY PUNJABI NEWSPAPER | *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

# ਉਤਰੀ ਵੈਨਕੂਵਰ ਵਿਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿਚ ਇਕ ਹਲਾਕ, ਛੇ ਜ਼ਖ਼ਮੀ

ਵੈਨਕੂਵਰ, 28 ਮਾਰਚ (ਪੋਸਟ ਬਿਊਰੋ) : ਉੱਤਰੀ ਵੈਨਕੂਵਰ ਵਿੱਚ ਇੱਕ ਲਾਇਬ੍ਰੇਰੀ ਤੇ ਸ਼ਾਪਿੰਗ ਸੈਂਟਰ ਉੱਤੇ ਮੌਜੂਦ ਲੋਕਾਂ ਉੱਤੇ ਇੱਕ ਸਿਰਫਿਰੇ ਵੱਲੋਂ ਕੀਤੇ ਹਮਲੇ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਛੇ ਵਿਅਕਤੀ ਜ਼ਖ਼ਮੀ ਹੋ ਗਏ। ਇਸ ਹਮਲੇ ਦੇ ਸਬੰਧ ਵਿੱਚ ਮਸ਼ਕੂਕ ਉੱਤੇ ਕਤਲ ਦੇ ਚਾਰਜ ਦਰਜ ਕੀਤੇ ਗਏ ਹਨ।

ਐਤਵਾਰ ਨੂੰ ਜਾਰੀ ਕੀਤੀ ਗਈ ਇੱਕ ਨਿਊਜ਼ ਰਲੀਜ਼ ਵਿੱਚ ਹੋਮੀਸਾਈਡ ਡਿਟੈਕਟਿਵਜ਼ ਨੇ ਦੱਸਿਆ ਕਿ ਇਸ ਹਮਲੇ ਲਈ 28 ਸਾਲਾ ਯੈਨਿਕ ਬੈਨਡਾਓਗੋ ਨੂੰ ਸੈਕਿੰਡ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਬੀਸੀ ਵਿੱਚ ਉਸ ਦੇ ਪਿਛੋਕੜ ਤੇ ਮਾਰੀ ਗਈ ਮਹਿਲਾ ਜਾਂ ਜ਼ਖ਼ਮੀ ਹੋਏ ਲੋਕਾਂ ਨਾਲ ਸਬੰਧਾਂ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਸ਼ਨਿੱਚਰਵਾਰ ਦੁਪਹਿਰ ਨੂੰ ਉੱਤਰੀ ਵੈਨਕੂਵਰ ਵਿੱਚ ਲਿੰਨ ਵੈਲੀ ਵਿਲੇਂ ਦੇ ਸ਼ਾਪਿੰਗ ਸੈਂਟਰ ਵਿੱਚ ਵਾਪਰੀ ਇਸ ਘਟਨਾ ਤੋਂ ਕੁੱਝ ਸਮੇਂ ਬਾਅਦ ਹੀ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰੀ ਦੀ ਵੀਡੀਓ ਵਿੱਚ ਹਮਲਾਵਰ ਖੁਦ ਉੱਤੇ ਵੀ ਛੁਰੇ ਨਾਲ ਵਾਰ ਕਰਦਿਆਂ ਤੇ ਬੇਹੋਸ਼ ਹੁੰਦਿਆਂ ਨਜ਼ਰ ਆ ਰਿਹਾ ਹੈ।



ਐਤਵਾਰ ਨੂੰ ਲੋਅਰ ਮੇਨਲੈਂਡ ਇੰਟੇਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮਸ਼ਕੂਕ ਨੇ ਆਪਣੇ ਆਪ ਨੂੰ ਨੁਕਸਾਨ ਪਹੁੰਚਾਇਆ ਤੇ ਉਸ ਦਾ ਆਪਰੇਸ਼ਨ ਵੀ ਕੀਤਾ ਗਿਆ। ਆਈਐਚਆਈਟੀ ਨੇ ਇੱਕ ਰਲੀਜ਼ ਵਿੱਚ ਆਖਿਆ ਕਿ ਉਸ ਨੂੰ ਪੁਲਿਸ ਹਿਰਾਸਤ ਵਿੱਚ ਹੀ ਰੱਖਿਆ ਜਾਵੇਗਾ। ਪੁਲਿਸ ਨੇ ਸ਼ਨਿੱਚਰਵਾਰ ਨੂੰ ਇਹ ਆਖਿਆ ਸੀ ਕਿ ਮਸ਼ਕੂਕ ਉਨ੍ਹਾਂ ਦਾ ਵਾਕਫ ਸੀ ਤੇ ਉਸ ਦਾ ਮੁਜਰਮਾਨਾ ਰਿਕਾਰਡ ਸੀ। ਸ਼ਨਿੱਚਰਵਾਰ ਨੂੰ ਵਾਪਰੀ ਇਸ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਦਕਿ ਇੱਕ 20 ਸਾਲਾ ਮਹਿਲਾ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

## ਜਾਅਲੀ ਕੋਵਿਡ-19 ਟੈਸਟ ਨਤੀਜਿਆਂ ਨਾਲ ਕੈਨੇਡਾ ਦਾਖਲ ਹੋਣ ਦੀ ਕੋਸ਼ਿਸ਼ ਕਰਦੇ 30 ਟਰੈਵਲਰਜ਼ ਕਾਬੂ

ਟੋਰਾਂਟੋ, 28 ਮਾਰਚ (ਪੋਸਟ ਬਿਊਰੋ) : ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐਸ ਏ) ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜਨਵਰੀ ਵਿੱਚ ਜਾਅਲੀ ਕੋਵਿਡ-19 ਟੈਸਟਾਂ ਨਾਲ ਕੈਨੇਡਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ 30 ਮਸ਼ਕੂਕਾਂ ਨੂੰ ਫੜ੍ਹਿਆ।



ਇੱਕ ਈਮੇਲ ਵਿੱਚ ਏਜੰਸੀ ਦੇ ਬੁਲਾਰੇ ਨੇ ਆਖਿਆ ਕਿ ਸੀ ਬੀ ਐਸ ਏ ਇਸ ਗੱਲ ਤੋਂ ਜਾਣੂ ਹੈ ਕਿ ਕੋਵਿਡ-19 ਦੇ ਜਾਅਲੀ ਟੈਸਟ ਨਤੀਜੇ ਤਿਆਰ ਕੀਤੇ ਜਾ ਰਹੇ ਹਨ ਤੇ ਕੈਨੇਡਾ ਵਿੱਚ ਦਾਖਲ ਹੋਣ ਲਈ ਕੁੱਝ ਟਰੈਵਲਰਜ਼ ਵੱਲੋ ਇਸ ਤਰ੍ਹਾਂ ਦੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸੀ ਬੀ ਐਸ ਏ ਇਸ ਤਰ੍ਹਾਂ ਦੇ ਘਰੇਲੂ ਤੇ ਕੌਮਾਂਤਰੀ ਭਾਈਵਾਲਾਂ ਨਾਲ ਰਲ ਕੇ ਕੰਮ ਕਰ ਰਹੀ ਹੈ ਤਾਂ ਕਿ ਇਸ ਤਰ੍ਹਾਂ ਦੇ ਦਸਤਾਵੇਜ਼ਾਂ ਨੂੰ ਜਲਦ ਤੋਂ ਜਲਦ ਫੜ੍ਹਿਆ ਜਾ ਸਕੇ।

ਸੀ ਬੀ ਐਸ ਏ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਏਅਰਪੋਰਟਸ ਉੱਤੇ 7 ਜਨਵਰੀ, 2021 ਤੇ 24 ਮਾਰਚ, 2021 ਦਰਮਿਆਨ 10 ਜਾਅਲੀ ਟੈਸਟ ਰਿਜ਼ਲਟ ਫੜ੍ਹੇ। ਸੀ ਬੀ ਐਸ ਏ ਨੇ ਆਖਿਆ ਕਿ ਜ਼ਮੀਨੀ ਸਰਹੱਦ ਉੱਤੇ 15 ਫਰਵਰੀ, 2021 ਤੇ 24 ਮਾਰਚ, 2021 ਦਰਮਿਆਨ 20 ਫਰਾਡ ਟੈਸਟ ਰਿਜ਼ਲਟ ਫੜ੍ਹੇ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

## ਬਰੈਂਪਟਨ ਤੋਂ ਕਿਡਨੈਪ ਕੀਤੀ ਗਈ ਲੜਕੀ ਤੇ ਮਸ਼ਕੂਕ ਦਾ ਨਹੀਂ ਲੱਗ ਰਿਹਾ ਥਹੁ-ਪਤਾ

*ਕਿਡਨੈਪਿੰਗ ਵਿੱਚ ਵਰਤੀ ਗਈ ਕਾਰ ਬਰੈਂਪਟਨ ਤੋਂ ਬਰਾਮਦ

ਬਰੈਂਪਟਨ, 28 ਮਾਰਚ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਾਲੇ ਰੰਗ ਦੀ ਹੌਂਡਾ ਸਿਵਿਕ ਮਿਲੀ ਹੈ ਜਿਸਦੀ ਵਰਤੋਂ ਬਰੈਂਪਟਨ ਵਿੱਚ ਸਵੇਰ ਸਮੇਂ ਹੋਈ ਹਿੰਸਕ ਕਿਡਨੈਪਿੰਗ ਵਿੱਚ ਕੀਤੀ ਗਈ। ਪਰ ਮਸ਼ਕੂਕ ਤੇ ਕਿਡਨੈਪ ਕੀਤੀ ਗਈ ਲੜਕੀ ਦਾ ਅਜੇ ਤੱਕ ਕੁੱਝ ਪਤਾ ਨਹੀਂ ਲੱਗਿਆ ਹੈ।



ਜਿਸ ਥਾਂ ਤੋਂ ਇਹ ਕਿਡਨੈਪਿੰਗ ਹੋਈ ਉਸ ਥਾਂ ਤੋਂ ਪੰਜ ਕਿਲੋਮੀਟਰ ਦੀ ਦੂਰੀ ਉੱਤੇ ਇਹ ਹੌਂਡਾ ਸਿਵਿਕ ਖਾਲੀ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਇਹ ਘਟਨਾ ਐਤਵਾਰ ਸਵੇਰੇ 3:00 ਵਜੇ ਉਸ ਸਮੇਂ ਵਾਪਰੀ ਜਦੋਂ ਉਨ੍ਹਾਂ ਨੂੰ ਅਜਿਹੀਆਂ ਕਈ ਖਬਰਾਂ ਮਿਲੀਆਂ ਕਿ ਇੱਕ ਵਿਅਕਤੀ ਬਰੈਂਪਟਨ ਦੇ ਘਰ ਦੇ ਬਾਹਰ ਜ਼ੋਰ ਜ਼ੋਰ ਦੀ ਰੌਲਾ ਪਾ ਰਿਹਾ ਹੈ ਤੇ ਦਰਵਾਜ਼ੇ ਭੰਨ੍ਹ ਰਿਹਾ ਹੈ। ਜਦੋਂ ਪੁਲਿਸ ਮੇਅਫੀਲਡ ਰੋਡ ਤੇ ਮਿਸੀਸਾਗਾ ਰੋਡ ਇਲਾਕੇ ਵਿੱਚ ਅਡਵੈਂਚਰਾ ਰੋਡ ਉੱਤੇ ਸਥਿਤ ਘਰ ਵਿੱਚ ਪਹੁੰਚੀ ਤਾਂ ਉਨ੍ਹਾਂ ਘਰ ਵਿੱਚੋਂ ਇੱਕ ਮਹਿਲਾ ਦੀਆਂ ਚੀਕਾਂ ਸੁਣੀਆਂ। ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ ਅਨੁਸਾਰ ਪੁਲਿਸ ਘਰ ਵਿੱਚ ਦਾਖਲ ਹੋਈ ਤੇ ਉਨ੍ਹਾਂ ਵੇਖਿਆ ਕਿ ਗੈਰਾਜ ਵਿੱਚ ਇੱਕ ਡਰਾਈਵਰ ਆਪਣੀ ਸੀਟ ਉੱਤੇ ਬੈਠਾ ਹੈ ਤੇ ਇੱਕ ਮਹਿਲਾ ਪਿਛਲੀ ਸੀਟ ਉੱਤੇ ਬੈਠੀ ਹੈ। ਐਸਆਈਯੂ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਦੋਵਾਂ ਧਿਰਾਂ ਵਿੱਚ ਬਹਿਸ ਹੋਈ ਤੇ ਫਿਰ ਦੋ ਪੁਲਿਸ ਅਧਿਕਾਰੀਆਂ ਨੇ ਗੱਡੀ ਵਾਲੇ ਪਾਸੇ ਗੋਲੀਆਂ ਚਲਾ ਦਿੱਤੀਆਂ। ਗੱਡੀ ਵਿੱਚ ਬੈਠਾ ਹੋਣ ਕਾਰਨ ਉਹ ਵਿਅਕਤੀ ਮਹਿਲਾ ਨੂੰ ਅੰਦਰ ਲੈ ਕੇ ਹੀ ਗੈਰਾਜ ਤੋਂ ਗੱਡੀ ਭਜਾ ਕੇ ਲੈ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਉਸ ਕਿਡਨੈਪਰ ਨੂੰ ਗੋਲੀ ਲੱਗੀ ਜਾਂ ਨਹੀਂ ਇਸ ਬਾਰੇ ਵੀ ਕੁੱਝ ਪਤਾ ਨਹੀਂ ਲੱਗ ਸਕਿਆ।

ਪੁਲਿਸ ਨੇ ਮਸ਼ਕੂਕ ਦੀ ਪਛਾਣ 21 ਸਾਲਾ ਕਵਾਮੀ ਗਾਰਵੁੱਡ ਵਜੋਂ ਕੀਤੀ ਹੈ ਤੇ ਕਿਡਨੈਪ ਹੋਈ 23 ਸਾਲਾ ਮਹਿਲਾ ਦੀ ਪਛਾਣ ਸਲੀਨਾ ਓਉਕ ਵਜੋਂ ਦੱਸੀ ਗਈ ਹੈ। ਇਹ ਵੀ ਦੱਸਿਆ ਗਿਆ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ ਤੇ ਉਨ੍ਹਾਂ ਦੇ ਨਿਜੀ ਸਬੰਧ ਵੀ ਸਨ ਤੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਗਾਰਵੁੱਡ ਹਥਿਆਰਬੰਦ ਤੇ ਖਤਰਨਾਕ ਹੈ। ਦੁਪਹਿਰ ਵਿੱਚ ਪੁਲਿਸ ਨੇ ਦੱਸਿਆ ਕਿ ਪੁਲਿਸ ਗਾਰਵੁੱਡ ਨੂੰ ਜਾਣਦੀ ਹੈ ਤੇ ਉਹ ਜੀਟੀਏ ਵਿੱਚ ਚਾਰ ਵਾਰੰਟਸ ਤਹਿਤ ਵਾਂਟਿਡ ਹੈ। ਉਸ ਖਿਲਾਫ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਵੀ ਵਾਰੰਟ ਜਾਰੀ ਕੀਤਾ ਗਿਆ ਹੈ, ਜੋ ਜੁਲਾਈ 2020 ਵਿੱਚ ਟੋਰਾਂਟੋ ਪੁਲਿਸ ਵੱਲੋਂ ਕੀਤਾ ਗਿਆ ਸੀ।

## ਜਰਮਨੀ ਵਿੱਚ ਕੋਰੋਨਾ ਨਾਲ ਹਾਲਾਤ ਹੋਰ ਖਰਾਬ ਹੋਣ ਲੱਗੇ

ਬਰਲਿਨ, 28 ਮਾਰਚ, (ਪੋਸਟ ਬਿਊਰੋ)- ਦੁਨੀਆ ਭਰ ਵਿਚ ਕੋਰੋਨਾ ਦੀ ਨਵੀਂ ਲਹਿਰ ਵਧਦੀ ਜਾਣ ਨਾਲ ਕਈ ਦੇਸ਼ਾਂ ਨੇ ਲਾਕਡਾਊਨ ਲਾਉਣ ਦੇ ਸਖਤ ਹੁਕਮ ਜਾਰੀ ਕੀਤੇ ਹਨ। ਜਰਮਨੀ ਵਿਚ ਵੀ ਕੋਰੋਨਾ ਵਾਇਰਸ ਨਾਲਹਾਲਾਤ ਖਰਾਬ ਹੁੰਦੇ ਜਾ ਰਹੇ ਹਨ ਅਤੇ ਫਿਰ 14 ਦਿਨ ਦਾ ਸਖਤ ਲਾਕਡਾਊਨ ਦੀ ਤਿਆਰੀ ਸ਼ੁਰੂ ਹੋ ਗਈ ਹੈ।

ਇਸ ਸੰਬੰਧ ਵਿੱਚ ਜਰਮਨੀ ਦੇ ਸਿਹਤ ਮੰਤਰੀ ਜੈਂਸ ਸਪੈਨ ਨੇ ਕਿਹਾ ਹੈ ਕਿ 'ਕੋਰੋਨਾ ਫੈਲਣ ਤੋਂ ਰੋਕਣ ਲਈ ਦੇਸ਼ ਵਿਚ 10 ਤੋਂ 14 ਦਿਨਾਂ ਦਾ ਲਾਕਡਾਊਨ ਜ਼ਰੂਰੀ ਹੋ ਗਿਆ ਹੈ, ਅਸੀਂ ਇਸਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਾਂ। ਪਿਛਲੇ ਸਾਲ ਵੀ ਇਸੇ ਵਕਤ ਅਸੀਂ ਦੇਸ਼ ਵਾਸੀਆਂ ਨੂੰ ਘਰਾਂ ਵਿਚ ਰਹਿਣ ਦੀ ਸਲਾਹ ਦਿੱਤੀ ਸੀ। ਇਸ ਵਾਰ ਫਿਰਇਹੋ ਸਥਿਤੀ ਬਣ ਰਹੀ ਹੈ।' ਇਸ ਮੌਕੇ ਜਰਮਨੀ ਦੀ ਚਾਂਸਲਰ ਏਂਜਲਾ ਮਰਕੇਲ ਦੇ ਚੀਫ ਆਫ ਸਟਾਫ ਹੈਲਗ ਬ੍ਰੌਨ ਨੇ ਦੇਸ਼ ਵਿਚ ਕੋਰੋਨਾ ਦੇ ਹਾਲਾਤ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ 'ਅਸੀਂ ਇਸ ਵਕਤ ਸਭ ਤੋਂ ਖਤਰਨਾਕ ਪੜਾਅ ਵਿਚੋਂ ਲੰਘ ਰਹੇ ਹਾਂ, ਸਾਨੂੰ ਅਗਲੇ ਕੁਝ ਹਫਤਿਆਂ ਵਿਚ ਕੋਰੋਨਾ ਫੈਲਣ ਤੋਂ ਰੋਕਣਾ ਪਵੇਗਾ,ਵਰਨਾ ਹਾਲਤ ਹੋਰ ਵਿਗੜ ਸਕਦੇ ਹਨ। ਜੇ ਹਾਲਾਤ ਵਿਗੜ ਗਏ ਤਾਂ ਸਾਡਾ ਹਾਲ ਅਮਰੀਕਾ ਵਰਗਾ ਹੋ ਸਕਦਾ ਹੈ।'

ਵਰਨਣ ਯੋਗ ਹੈ ਕਿ ਇਕ ਦਿਨ ਪਹਿਲਾਂ ਜਰਮਨੀ ਨੇ ਆਪਣੇ ਗੁਆਂਢੀ ਦੇਸ਼ਾਂ ਲਈ ਟ੍ਰੈਵਲ ਵਾਰਨਿੰਗ ਜਾਰੀ ਕੀਤੀ ਅਤੇ ਫਰਾਂਸ, ਆਸਟ੍ਰੀਆ, ਡੈਨਮਾਰਕ ਅਤੇ ਚੈੱਕ ਗਣਰਾਜ ਵਰਗੇ ਯੂਰਪੀ ਦੇਸ਼ਾਂ ਵਿਚ ਕੋਰੋਨਾ ਦੇ ਵੱਧਦੇ ਕੇਸਾਂ ਦੇ ਕਾਰਨ ਸਖਤੀ ਵਧਾਉਣ ਦਾ ਫੈਸਲਾ ਕੀਤਾ ਸੀ ਤੇ ਇਨ੍ਹਾਂ ਦੇਸ਼ਾਂ ਤੋਂ ਆਉਂਦੇ ਯਾਤਰੀਆਂ ਲਈ 48 ਘੰਟੇ ਤੋਂ ਘੱਟ ਪੁਰਾਣੀ ਕੋਰੋਨਾ ਦੀ ਨੈਗੇਟਿਵ ਰਿਪੋਰਟ ਤੇ 10 ਦਿਨ ਦਾ ਕੁਆਰੰਟਾਈਨ ਲਾਜ਼ਮੀ ਕਰ ਦਿੱਤਾ ਸੀ।

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Best Insurance Rates
- Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

## ਅਮਰੀਕਾ ਵਿੱਚ ਨਸਲੀ ਹਿੰਸਾ ਖ਼ਿਲਾਫ਼ ਹਜ਼ਾਰਾਂ ਲੋਕ ਸੜਕਾਂ ਉੱਤੇ ਆਏ

ਸ਼ਿਕਾਗੋ, 28 ਮਾਰਚ, (ਪੋਸਟ ਬਿਊਰੋ)- ਅਮਰੀਕਾ ਵਿੱਚ ਨਸਲੀ ਹਿੰਸਾ ਦੇ ਲਗਾਤਾਰਵਧਦੇ ਕੇਸਾਂਵਿਰੁੱਧ ਸ਼ਿਕਾਗੋ ਤੇ ਨਿਊਯਾਰਕ ਵਿਚ ਕੀਤੇ ਗਏ ਪ੍ਰਦਰਸ਼ਨ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋਏ ਹਨ। ਸ਼ਿਕਾਗੋ ਦੇ ਚਾਈਨਾ ਟਾਊਨ ਚੌਕ ਵਿਚ ਨਸਲੀ ਭੇਦਭਾਵ ਅਤੇ ਅਪਰਾਧਾਂ ਖ਼ਿਲਾਫ਼ ਹਜ਼ਾਰਾਂ ਲੋਕ ਸੜਕ ਉੱਤੇ ਆ ਗਏ, ਜਿਨ੍ਹਾਂ ਦੇ ਹੱਥਾਂ ਵਿਚ 'ਸਟਾਪ ਏਸ਼ੀਅਨ ਹੇਟ', 'ਜ਼ੀਰੋ ਟਾਲਰੈਂਸ ਫਾਰ ਰੇਸਿਜ਼ਮ'ਵਾਲੇ ਨਾਅਰਿਆਂ ਦੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਦੇ ਨਾਲ ਸਥਾਨਕ ਅਧਿਕਾਰੀ ਅਤੇ ਪੁਲਿਸ ਮੁਖੀ ਸਨ ਅਤੇ ਉਹ ਲੋਕਾਂ ਨੂੰ ਨਫ਼ਰਤੀ ਅਪਰਾਧ ਨੂੰ ਪ੍ਰਭਾਵੀ ਰੂਪ ਵਿੱਚ ਵਧਣ ਤੋਂ ਰੋਕਣ ਦਾ ਭਰੋਸਾ ਦੇ ਰਹੇ ਸਨ। ਵਰਨਣ ਯੋਗ ਹੈ ਕਿ 16 ਮਾਰਚ ਨੂੰ ਐਟਲਾਂਟਾ ਵਿਚ ਅੱਠ ਲੋਕਾਂ ਦੀ ਹੱਤਿਆ ਕਰ ਦਿੱਤੀਗਈ ਸੀ, ਜਿਨ੍ਹਾਂ ਵਿੱਚੋਂ ਛੇ ਏਸ਼ੀਆਈ ਮੂਲ ਦੀਆਂ ਔਰਤਾਂ ਸਨ। ਇਸ ਪਿੱਛੋਂ ਵੀ ਲਗਾਤਾਰ ਕਈ ਘਟਨਾਵਾਂ ਹੋਈਆਂ। ਪ੍ਰਦਰਸ਼ਨ ਕਰਦੇ ਲੋਕਾਂ ਦੀ ਮੁੱਖ ਮੰਗ ਸੁਰੱਖਿਆ ਵਧਾਉਣਾ, ਨਸਲੀ ਹਿੰਸਾ ਦੇ ਜੁਰਮਾਂ ਦੀ ਸ਼ਿਕਾਇਤ ਲਈ ਵੱਖਰੀ ਵੈੱਬਸਾਈਟ, ਹਿੰਸਾ ਪੀੜਤਾਂ ਦੇ ਲਈ ਫੰਡ ਅਤੇ ਅਪਰਾਧੀਆਂ ਉੱਤੇ ਤੁਰੰਤ ਕਾਰਵਾਈ ਕਰਨਾ ਸੀ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

## ਅੱਜ ਨਾਮਾ

ਮਾਰਨੀ ਗੱਪ ਤੇ ਮਾਰੋ ਫਿਰ ਸਿਰੇ ਵਾਲੀ,
ਜਿਹੜੀ ਲੋਕਾਂ ਨੂੰ ਕਰੇ ਫਿਰ ਦੰਗ ਬੇਲੀ।
ਕਰਦਾ ਮੋਦੀ ਆ ਜਿੱਦਾਂ ਦੇ ਚੋਣ ਵਾਅਦੇ,
ਮਗਰੋਂ ਮੁੱਕਰਦਾ ਕਰੇ ਨਹੀਂ ਸੰਗ ਬੇਲੀ।
ਜਾਂ ਫਿਰ ਕੀਤੇ ਕਪਤਾਨ ਤੇ ਬਾਦਲਾਂ ਨੇ,
ਸਿਰਫ ਜਿੱਤਣ ਨੂੰ ਚੋਣ ਦੀ ਜੰਗ ਬੇਲੀ।
ਉੱਠਿਆ ਸੂਰਮਾ ਇੱਕ ਤਾਂ ਸਾਰਿਆਂ ਤੋਂ,
ਸਾਰੀਆਂ ਗੱਪਾਂ ਦੀ ਤੋੜ'ਤੀ ਟੰਗ ਬੇਲੀ।
ਕਹਿੰਦਾ ਪਿਆ ਕਿ ਪਾਉ ਸਭ ਵੋਟ ਮੈਨੂੰ,
ਲੱਗਾ ਖਿੱਚਣ ਨਹੀਂ ਪਿੱਛੇ ਨੂੰ ਪੈਰ ਬੇਲੀ।
ਵਾਰੀ-ਵਾਰੀ ਪੁਲਾੜ ਵਿੱਚ ਜਾਊਂ ਲੈ ਕੇ,
ਕਰਵਾਊਂ ਚੰਦ ਦੀ ਤੁਸਾਂ ਨੂੰ ਸੈਰ ਬੇਲੀ।

**ਤੀਸ ਮਾਰ ਖਾਂ**

## ਦਿੱਲੀ ਪੁਲਸ ਦੇ ਇਤਿਹਾਸ ਵਿੱਚ ਪਹਿਲੀ ਵਾਰ ਮਹਿਲਾ ਅਫਸਰ ਵੱਲੋਂ ਬਦਮਾਸ਼ਾਂ ਨਾਲ ਮੁਕਾਬਲਾ



ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ)- ਕਈ ਕੇਸਾਂ ਵਿੱਚ ਲੋੜੀਂਦੇ ਗੈਂਗਸਟਰ ਰੋਹਿਤ ਚੌਧਰੀ ਅਤੇ ਉਸ ਦੇ ਸਾਥੀ ਨੂੰ ਦਿੱਲੀ ਪੁਲਸ ਨੇ ਸੈਂਟਰਲ ਦਿੱਲੀ ਦੇ ਪ੍ਰਗਤੀ ਮੈਦਾਨ ਇਲਾਕੇ ਵਿੱਚ ਭੈਰੋ ਮਾਰਗ ਉੱਤੇ ਹੋਏ ਮੁਕਾਬਲੇ ਪਿੱਛੋਂ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

ਇਸ ਬਾਰੇ ਪੁਲਸ ਦਾ ਦਾਅਵਾ ਹੈ ਕਿ ਦਿੱਲੀ ਵਿੱਚ ਇਹ ਪਹਿਲੀ ਵਾਰ ਕੋਈ ਮਹਿਲਾ ਪੁਲਸ ਮੁਲਾਜ਼ਮ ਮੁਕਾਬਲੇ ਵਿੱਚ ਸ਼ਾਮਲ ਸੀ। ਪੁਲਸ ਮੁਤਾਬਕ ਰੋਹਿਤ ਚੌਧਰੀ ਉੱਤੇ ਚਾਰ ਲੱਖ ਰੁਪਏ ਦਾ ਇਨਾਮ ਅਤੇ ਉਸ ਦੇ ਸਾਥੀ ਪ੍ਰਵੀਨ ਉਰਫ਼ ਟੀਟੂ ਉੱਤੇ ਦੋ ਲੱਖ ਦਾ ਇਨਾਮ ਐਲਾਨਿਆ ਹੋਇਆ ਸੀ। ਦੋਵਾਂ ਨੂੰ ਮੁਕਾਬਲੇ ਦੌਰਾਨ ਪੈਰ ਵਿੱਚ ਗੋਲੀ ਲੱਗੀ ਹੈ ਤੇ ਉਨ੍ਹਾਂ ਨੂੰ ਹਸਪਤਾਲ ਭਰਤੀ ਕਰਾਇਆ ਗਿਆ ਹੈ। ਦਿੱਲੀ ਪੁਲਸ ਦੀ ਅਪਰਾਧ ਸ਼ਾਖਾ ਨੂੰ ਸੂਚਨਾ ਮਿਲੀ ਸੀ ਕਿ ਅਗਲੇ ਦੋ ਦਿਨਾਂ ਦੀ ਦਰਮਿਆਨੀ ਰਾਤ ਨੂੰ ਰੋਹਿਤ ਚੌਧਰੀ ਅਤੇ ਉਸ ਦਾ ਸਾਥੀ ਨੀਲੇ ਰੰਗ ਦੀ ਕਾਰ ਵਿੱਚ ਸਵਾਰ ਹੋ ਕੇ ਭੈਰੋ ਮਾਰਗ ਤੋਂ ਨਿਕਲਣਗੇ। ਇਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਭੈਰੋ ਮਾਰਗ ਉੱਤੇ ਪਾਰਕਿੰਗ ਨੇੜੇ ਜਾਲ ਵਿਛਾਇਆ ਸੀ। ਸੀਨੀਅਰ ਪੁਲਸ ਅਧਿਕਾਰੀ ਮੁਤਾਬਿਕ ਕੱਲ੍ਹ ਸਵੇਰੇ ਚਾਰ ਵਜੇ ਤੋਂ ਬਾਅਦ ਪੁਲਸ ਨੂੰ ਰਿੰਗ ਰੋਡ ਉੱਤੇ ਇੱਕ ਨੀਲੀ ਕਾਰ ਨਜ਼ਰ ਆਈ। ਜਦੋਂ ਪੁਲਸ ਨੇ ਬੈਰੀਕੇਡ ਲਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਕਾਰ ਚਾਲਕ ਨੇ ਬੈਰੀਕੇਡ ਵਿੱਚ ਟੱਕਰ ਮਾਰ ਦਿੱਤੀ ਤੇ ਭੱਜਣ ਦੀ ਕੋਸ਼ਿਸ਼ ਦੌਰਾਨ ਪੁਲਸ ਉੱਤੇ ਗੋਲੀਆਂ ਚਲਾਈਆਂ। ਇਸ ਤੋਂ ਬਾਅਦ ਪੁਲਸ ਦੀ ਟੀਮ ਨੇ ਜਵਾਬੀ ਕਾਰਵਾਈ ਕਰਦੇ ਹੋਏ ਆਤਮਰੱਖਿਆ ਵਿੱਚ ਗੋਲੀ ਚਲਾਈ। ਪੁਲਸ ਮੁਤਾਬਕ ਗੈਂਗਸਟਰਾਂ ਵੱਲੋਂ ਚਲਾਈਆਂ ਗੋਲੀਆਂ ਵਿੱਚੋਂ ਇੱਕ ਗੋਲੀ ਪੁਲਸ ਦੇ ਡਿਪਟੀ ਕਮਿਸ਼ਨਰ ਪੰਕਜ ਦੀ ਬੁਲੈਟ ਪਰੂਫ ਜੈਕੇਟ ਅਤੇ ਇੱਕ ਗੋਲੀ ਸਬ ਇੰਸਟਪੈਕਟਰ ਪ੍ਰਿਅੰਕਾ ਸ਼ਰਮਾ ਦੀ ਬੁਲੈਟ ਪਰੂਫ ਜੈਕੇਟ ਵਿੱਚ ਲੱਗੀ ਹੈ। ਪ੍ਰਿਅੰਕਾ ਦਿੱਲੀ ਪੁਲਸ ਦੀ ਪਹਿਲੀ ਮਹਿਲਾ ਪੁਲਸ ਅਫਸਰ ਹੈ, ਜੋ ਮੁਕਾਬਲਾ ਕਰਨ ਵਾਲੀ ਟੀਮ ਵਿੱਚ ਸ਼ਾਮਲ ਹੋਈ ਹੈ।

ਵਿਧਾਇਕ ਉੱਤੇ ਹਮਲੇ ਦਾ ਮਾਮਲਾ

# ਭਾਜਪਾ ਨੇ ਗਵਰਨਰ ਨੂੰ ਮਿਲ ਕੇ ਕੈਪਟਨ ਸਰਕਾਰ ਨੂੰ ਭੰਗ ਕਰਨ ਦੀ ਮੰਗ ਚੁੱਕੀ

*** ਹਮਲਾ ਕਰਨ ਵਾਲੇ ਦੋਸ਼ੀਆਂ ਦੀ ਸ਼ਨਾਖਤ, 4 ਜਣੇ ਗ੍ਰਿਫਤਾਰ**


ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ ਦੀ ਰਿਹਾਇਸ਼ ਅੱਗੇ ਧਰਨਾ ਦੇਣ ਸਮੇਂ।

ਚੰਡੀਗੜ੍ਹ, 28 ਮਾਰਚ, (ਪੋਸਟ ਬਿਊਰੋ)- ਬੀਤੇ ਸ਼ਨੀਵਾਰ ਹਲਕਾ ਅਬੋਹਰ ਦੇ ਭਾਜਪਾ ਵਿਧਾਇਕ ਅਰੁਣ ਨਾਰੰਗ ਉੱਤੇ ਮਲੋਟ ਵਿੱਚ ਹੋਏ ਜਾਨ-ਲੇਵਾ ਹਮਲੇ ਪਿੱਛੋਂ ਪੰਜਾਬ ਭਾਜਪਾ ਗੁੱਸੇ ਵਿੱਚ ਹੈ। ਅੱਜ ਐਤਵਾਰ ਨੂੰ ਭਾਜਪਾ ਆਗੂਆਂ ਨੇ ਪੰਜਾਬ ਦੇ ਗਵਰਨਰ ਵੀਪੀ ਸਿੰਘ ਬਦਨੌਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਕਾਂਗਰਸ ਦੀ ਅਮਰਿੰਦਰ ਸਿੰਘ ਸਰਕਾਰ ਨੂੰ ਭੰਗ ਕਰਨ ਲਈ ਰਾਸ਼ਟਰਪਤੀ ਨੂੰ ਸਿਫ਼ਾਰਸ਼ ਕਰਨ ਦੀ ਮੰਗ ਕੀਤੀ ਹੈ।

ਇਸ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਹਿੰਦੂ-ਸਿੱਖ ਰਾਜਨੀਤੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਜਿਨ੍ਹਾਂ ਲੋਕਾਂ ਨੂੰ ਪੰਜਾਬ ਵਿੱਚ ਹਿੰਦੂ-ਸਿੱਖ ਏਕਤਾ ਰਾਸ ਨਹੀਂ ਆ ਰਹੀ, ਉਹ ਇਸ ਵਿਚ ਤਰੇੜ ਪੈਦਾ ਕਰਨੀ ਚਾਹੁੰਦੇ ਹਨ। ਉਨ੍ਹਾ ਕਿਹਾ ਕਿ ਕਾਂਗਰਸ ਪੰਜਾਬ ਵਿੱਚ ਭਾਜਪਾ ਦੀ ਆਵਾਜ਼ ਦੱਬਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਇਸ ਆਵਾਜ਼ ਨੂੰ ਨਹੀਂ ਦਬਾਇਆ ਜਾ ਸਕਦਾ। ਭਾਜਪਾ ਆਗੂਆਂ ਨੇ ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਕੈਪਟਨ ਅਮਰਿੰਦਰ ਸਿੰਘ ਵਿਰੁੱਧ 'ਸੱਤਾ ਛੱਡੋ' ਦੇ ਨਾਅਰੇ ਵੀ ਲਾਏ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਕ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਜਪਾ ਦੇ ਵਿਧਾਇਕ ਅਰੁਣ ਨਾਰੰਗ ਉੱਤੇ ਹੋਏ ਹਮਲੇ ਦੀ ਨਿੰਦਾ ਕਰਦੇ ਤੇ ਸਖ਼ਤ ਕਾਰਵਾਈ ਦੀ ਗੱਲ ਕਹਿੰਦੇ ਹਨ ਅਤੇ ਦੂਸਰੇ ਪਾਸੇ ਗੁੰਡਾ ਅਨਸਰਾਂ ਤੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਾਲੇ ਲੋਕਾਂ ਨੂੰ ਸਮਰਥਨ ਦਿੰਦੇ ਹਨ, ਜਿਸ ਤੋਂ ਪਤਾ ਸਾਫ ਹੈ ਕਿ ਉਨ੍ਹਾਂ ਦੀ ਨੀਤ ਵਿਚ ਖੋਟ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਨੇ ਕਿਹਾ ਕਿ ਭਾਜਪਾ ਵਿਧਾਇਕ ਨੂੰ ਨਿਰਵਸਤਰ ਨਹੀਂ ਕੀਤਾ ਗਿਆ, ਵਿਧਾਨ ਸਭਾ ਨੂੰ ਨਿਰਵਸਤਰ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਲੋਕਤੰਤਰ ਨੂੰ ਡੰਡਿਆਂ ਅਤੇ ਪੱਥਰਾਂ ਨਾਲ ਚਲਾਉਣਾ ਚਾਹੁੰਦੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਜਪਾ ਨੂੰ ਕਾਂਗਰਸ ਤੋਂ ਇਨਸਾਫ਼ ਦੀ ਆਸ ਨਹੀਂ, ਏਥੇ ਕਾਨੂੰਨ ਵਿਵਸਥਾ ਢਹਿ-ਢੇਰੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅਰੁਣ ਨਾਰੰਗ ਪੰਜਾਬ ਪੁਲਿਸ ਦੇ ਐੱਸਪੀ ਦੇ ਕਹਿਣ ਉੱਤੇ ਦੁਕਾਨ ਤੋਂ ਨਿਕਲੇ ਸਨ ਅਤੇ ਪੁਲਿਸ ਦੀ ਮੌਜੂਦਗੀ ਵਿੱਚ ਉਨ੍ਹਾਂ ਉੱਤੇ ਹਮਲਾ ਹੋਇਆ ਅਤੇ ਉਨ੍ਹਾਂ ਦੇ ਕੱਪੜੇ ਪਾੜੇ ਗਏ ਹਨ।

ਇਸ ਦੌਰਾਨ ਪੰਜਾਬ ਦੇ ਗਵਰਨਰ ਵੀਪੀ ਸਿੰਘ ਬਦਨੌਰ ਨੇ ਭਾਜਪਾ ਵਿਧਾਇਕ ਉੱਤੇ ਹਮਲੇ ਦੀ ਨਿਖੇਧੀ ਕੀਤੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਫੋਨ ਕਰ ਕੇ ਇਸ ਕੇਸ ਦੀ ਜਾਂਚ ਕਰਵਾਉਣ ਨੂੰ ਕਿਹਾ ਹੈ।

ਦੂਸਰੇ ਪਾਸੇ ਜ਼ਿਲਾ ਮੁਕਤਸਰ ਪੁਲਸ ਨੇ ਭਾਜਪਾ ਵਿਧਾਇਕ ਤੇ ਪੁਲਸ ਉੱਤੇ ਕਾਤਲਾਨਾ ਹੋਏ ਹਮਲੇ ਬਾਰੇ ਦਰਜ ਕੀਤੇ ਇਰਾਦਾ ਕਤਲ ਕੇਸ ਵਿੱਚ ਕੁੱਲ 27 ਬੰਦਿਆਂ ਦੀ ਪਛਾਣ ਕਰ ਕੇ ਇਨ੍ਹਾਂ ਵਿਚੋਂ 4 ਗ੍ਰਿਫਤਾਰ ਕਰ ਲਏ ਹਨ।ਐੱਸ ਐੱਸ ਪੀ, ਡੀ. ਸੁਡਰਵਿਜੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਪੁਲਸ ਨੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖ ਕੇ ਵਿਧਾਇਕ ਅਰੁਣ ਨਾਰੰਗ ਅਤੇ ਪੁਲਸ ਅਫਸਰਾਂ ਉੱਤੇ ਕਾਤਲਾਨਾ ਹਮਲੇ ਦੇ ਦੋਸ਼ ਵਿਚ 27 ਲੋਕਾਂ ਦੀ ਪਛਾਣ ਕਰ ਲਈ ਅਤੇ ਇਨ੍ਹਾਂ ਵਿਚੋਂ 4 ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਜ਼ਿਲਾ ਪੁਲਸ ਮੁਖੀ ਨੇ ਦੱਸਿਆ ਕਿ ਇਸ ਬਾਰੇ ਸਿਟੀ ਮਲੋਟ ਪੁਲਸ ਨੇ ਲੱਖਨਪਾਲ ਸ਼ਰਮਾ, ਨਿਰਮਲ ਸਿੰਘ ਜੱਸੇਆਣਾ, ਅਵਤਾਰ ਸਿੰਘ ਤੇ ਅਣਪਛਾਤੇ ਲੋਕਾਂ ਵਿਰੁੱਧ ਕੇਸ ਦਰਜ ਕਰਨਪਿੱਛੋਂ ਬਣਾਈਆਂ ਟੀਮਾਂ ਦੀ ਜਾਂਚ ਮਗਰੋਂ ਕੁੱਲ 27 ਜਣਿਆਂ ਦੀ ਪਛਾਣ ਕਰ ਕੇ ਇਨ੍ਹਾਂ ਵਿੱਚੋਂ ਸੁਰਜੀਤ ਸਿੰਘ, ਨੇਮਪਾਲ ਸਿੰਘ ਅਤੇ ਬਲਦੇਵ ਸਿੰਘ ਬੋਦੀਵਾਲਾ ਤੇ ਗੁਰਮੀਤ ਸਿੰਘ ਵਾਸੀ ਖੂਨਣ ਕਲਾਂ ਸਮੇਤ 4 ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਵਰਨਣ ਯੋਗ ਹੈ ਕਿ ਸ਼ਨੀਵਾਰ ਨੂੰ ਇੱਕ ਪ੍ਰਦਰਸ਼ਨ ਮੌਕੇਭੜਕੀ ਭੀੜ ਨੇ ਭਾਜਪਾ ਵਿਧਾਇਕ ਤੇ ਉਸ ਨੂੰ ਸੁਰੱਖਿਆ ਦੇਣ ਵਾਲੀ ਪੁਲਸ ਉੱਤੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਐੱਸ ਪੀ (ਐੱਚ) ਗੁਰਮੇਲ ਸਿੰਘ , ਸਿਪਾਹੀ ਰਣਜੀਤ ਸਿੰਘ ਅਤੇ ਹਰਮਪ੍ਰੀਤ ਸਿੰਘ ਜ਼ਖਮੀ ਹੋ ਗਏ ਸਨ। ਉਨ੍ਹਾਂ ਦਾ ਸਰਕਾਰੀ ਹਸਪਤਾਲ ਮਲੋਟ ਵਿਚ ਇਲਾਜ ਚੱਲ ਰਿਹਾ ਹੈ।

## ਆਮ ਆਦਮੀ ਪਾਰਟੀ ਨੇ ਭਾਜਪਾ ਵਿਧਾਇਕ ਉੱਤੇ ਹਮਲੇ ਲਈ ਕੇਂਦਰ ਦੇ ਸਿਰ ਦੋਸ਼ ਥੱਪਿਆ

*** ਹਰਪਾਲ ਚੀਮਾ ਨੇ ਕਿਹਾ: ਕੇਂਦਰ ਦਾ ਕਿਸਾਨਾਂ ਪ੍ਰਤੀ ਵਿਹਾਰ ਜ਼ਿਮੇਵਾਰ**

ਚੰਡੀਗੜ੍ਹ, 28 ਮਾਰਚ, (ਪੋਸਟ ਬਿਊਰੋ)- ਭਾਜਪਾ ਵਿਧਾਇਕ ਅਰੁਣ ਨਾਰੰਗ ਉੱਤੇ ਸ਼ਨੀਵਾਰ ਨੂੰ ਮਲੋਟ ਵਿੱਚ ਕੁੱਟਮਾਰ ਦੀ ਘਟਨਾ ਉੱਤੇ ਪ੍ਰਤੀਕਰਮ ਦੇਂਦੇ ਹੋਏਆਮ ਆਦਮੀ ਪਾਰਟੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਾਂਤਮਈ ਢੰਗ ਨਾਲ ਆਪਣੇ ਅੰਦੋਲਨ ਨੂੰ ਅੱਗੇ ਵਧਾਉਣ, ਪਰ ਭਾਜਪਾ ਦੀ ਕੇਂਦਰ ਸਰਕਾਰ ਨੂੰ ਵੀ ਦੋਸ਼ ਦਿੱਤਾ ਹੈ।

ਪੰਜਾਬ ਵਿਧਾਨ ਸਭਾ ਵਿੱਚ ਆਪੋਜ਼ੀਸ਼ਨ ਦੇਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਲੋਕਤੰਤਰੀ ਦੇਸ਼ ਵਿਚ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ, ਇਸ ਲਈ ਦੋਵਾਂ ਧਿਰਾਂ ਵਿੱਚਗੱਲਬਾਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੀ ਇਹ ਹੀ ਤਾਕਤ ਸੀ ਕਿ ਇਸ ਵਿਚ ਅਜੇ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਅਤੇਇਹ ਅੰਦੋਲਨ ਦੁਨੀਆ ਦਾ ਸਭ ਤੋਂ ਵੱਡਾ ਅਤੇ ਸ਼ਾਂਤਮਈ ਢੰਗ ਅੰਦੋਲਨ ਬਣ ਚੁੱਕਾ ਹੈ, ਪਰ ਇਸ ਅੰਦੋਲਨ ਨੂੰ ਜਿੱਤ ਤੱਕਲਿਜਾਣ ਲਈ ਕਿਸਾਨ ਸ਼ਾਂਤੀ ਰੱਖਣ। ਉਨ੍ਹਾਂ ਨੇ ਕਿਹਾ ਕਿ ਕਿਸਾਨ ਕਈ ਮਹੀਨਿਆਂ ਤੋਂ ਸੜਕਾਂ ਉੱਤੇ ਹਰ ਮੁਸੀਬਤ ਝੱਲ ਕੇ ਵੀਸੰਘਰਸ਼ ਕਰ ਰਿਹਾ ਹੈ ਤੇ ਕੁਝ ਭਾਜਪਾ ਆਗੂ ਕਿਸਾਨਾਂ ਵਿਰੁੱਧ ਮੰਦਭਾਗੀ ਭਾਸ਼ਾ ਵਰਤ ਰਹੇ ਹਨ। ਇਨ੍ਹਾਂ ਭਾਜਪਾਆਗੂਆਂ ਨੇ ਕਿਸਾਨਾਂ ਨੂੰ ਅੱਤਵਾਦੀ, ਪਾਕਿਸਤਾਨੀ ਏਜੰਟ ਤੇ ਦੇਸ਼ ਦੇ ਗੱਦਾਰ ਤੱਕ ਕਿਹਾ ਸੀ, ਜਿਸ ਕਾਰਨ ਲੋਕਾਂ ਵਿਚ ਗੁੱਸਾ ਹੈ ਅਤੇ ਉਹ ਭਾਜਪਾ ਦਾ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਖੇਤੀ ਬਾਰੇ ਕਾਲੇ ਕਾਨੂੰਨ ਵਾਪਸ ਨਾ ਲੈ ਕੇ ਪੰਜਾਬ ਵਿਚ ਭਾਈਚਾਰਕ ਸਾਂਝ ਤੋੜਨ ਦੇ ਲਈ ਚਾਲਾਂ ਚੱਲੀਆਂ ਜਾ ਰਹੀਆਂ ਹਨ, ਉਸ ਦਾ ਇਹ ਅੜੀਅਲ ਰਵੱਈਆ ਦੇਸ਼ ਨੂੰ ਤਰੱਕੀ ਦੇ ਰਾਹ ਤੋਂ ਲਾਹੁਣ ਦੇ ਨਾਲ ਆਪਸੀ ਭਾਈਚਾਰਕ ਸਾਂਝ ਵੀ ਤੋੜ ਰਿਹਾ ਹੈ। ਉਨ੍ਹਾਂ ਨੇ ਪੰਜਾਬ ਦੇ ਭਾਜਪਾ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਹੋਣ ਦਾ ਸਬੂਤ ਦੇਣ ਤੇ ਕੇਂਦਰ ਸਰਕਾਰ ਵਲੋਂ ਬਣਾਏ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਆਵਾਜ਼ ਉਠਾਉਣ।

## ਪਤਨੀ ਅਤੇ ਬੱਚਿਆਂ ਦਾ ਕਤਲ ਕਰ ਕੇ ਲਾਸ਼ਾਂ ਘਰ ਵਿੱਚ ਦੱਬਣ ਵਾਲਾ ਗ੍ਰਿਫ਼ਤਾਰ

ਭਦੋਹੀ, 28 ਮਾਰਚ (ਪੋਸਟ ਬਿਊਰੋ)- ਹਰਿਆਣਾ ਦੇ ਪਾਨੀਪਤ ਜ਼ਿਲ੍ਹੇ ਵਿੱਚ ਪਤਨੀ ਅਤੇ ਦੋ ਬੱਚਿਆਂ ਦਾ ਕਤਲ ਕਰ ਕੇ ਲਾਸ਼ਾਂ ਘਰ ਵਿੱਚ ਦਫ਼ਨਾ ਕੇ ਭੱਜੇ ਦੋਸ਼ੀ ਨੂੰ ਪੁਲਸ ਨੇ ਭਦੋਹੀ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤਾ ਹੈ। ਪਤਾ ਲੱਗਾ ਹੈ ਕਿ ਪਾਣੀਪਤ ਪੁਲਸ ਦੀ ਅਪਰਾਧ ਸ਼ਾਖਾ ਦੇ ਅੱਠ ਮੈਂਬਰੀ ਟੀਮ ਕੱਲ੍ਹ ਭਦੋਹੀ ਸ਼ਹਿਰ ਕੋਤਵਾਲੀ ਪਹੁੰਚੀ ਸੀ, ਜਿੱਥੇ ਇੰਸਪੈਕਟਰ ਚਿਤਰਕੂਟ ਪੁਰੀ ਨੇ ਦੱਸਿਆ ਕਿ ਮੂਲ ਰੂਪ ਤੋਂ ਮੁਜੱਫਰਨਗਰ ਜ਼ਿਲ੍ਹੇ ਦੇ ਜਾਗਾਹੇੜੀ ਵਾਸੀ ਅਹਿਸਾਨ ਉੱਤੇ ਦੋਸ਼ ਹੈ ਕਿ ਉਸ ਨੇ ਪਾਣੀਪਤ ਦੇ ਸ਼ਿਵਨਗਰ ਦੇ ਵਾਰਡ ਨੰਬਰ ਛੇ ਵਿੱਚ ਆਪਣੀ ਪਤਨੀ ਤੇ ਦੋ ਬੱਚਿਆਂ (10 ਅਤੇ 14 ਸਾਲ) ਨੂੰ ਮਾਰ ਕੇ ਤਿੰਨਾਂ ਦੀਆਂ ਲਾਸ਼ਾਂ ਘਰ ਵਿੱਚਦੱਬ ਦਿੱਤੀਆਂ ਸਨ।ਉਨ੍ਹਾਂ ਦੱਸਿਆ ਕਿ ਅਹਿਸਾਨ ਉਸ ਮਕਾਨ ਨੂੰ ਜਗਦੀਸ਼ਪੁਰ ਦੇ ਪਵਨ ਨਾਂ ਦੇ ਇੱਕ ਵਿਅਕਤੀ ਨੂੰ ਤਿੰਨ ਸਾਲ ਪਹਿਲਾਂ ਵੇਚ ਕੇ ਖਿਸਕ ਗਿਆ ਸੀ। ਚਿਤਰਕੂਟ ਪੁਰੀ ਨੇ ਪਾਣੀਪਤ ਪੁਲਸ ਦੇ ਹਵਾਲੇ ਨਾਲ ਦੱਸਿਆ ਕਿ ਕਰੀਬ ਦੋ ਮਹੀਨੇ ਪਹਿਲਾਂ ਪਵਨ ਦੇ ਘਰੋਂ ਕੀੜੀਆਂ ਦੀ ਭਰਮਾਰ ਹੋਣ ਉੱਤੇ ਉਨ੍ਹਾਂ ਨੇ ਪੁਟਾਈ ਕਰਵਾਉਣੀ ਸ਼ੁਰੂ ਕੀਤੀ ਤਾਂ ਇੱਕ ਔਰਤ ਤੇ ਦੋ ਬੱਚਿਆਂ ਦੇ ਪਿੰਜਰ ਮਿਲੇ, ਜਿਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ।

# ਕੋਰੋਨਾ ਦੀ ਮਾਰ ਹੋਰ ਵਧੀ, ਪੰਜਾਬ ਵਿੱਚ ਇਸ ਸਾਲ ਇੱਕੋ ਦਿਨ ਸਭ ਤੋਂ ਵੱਧ 69 ਮੌਤਾਂ, 2963 ਨਵੇਂ ਕੇਸ ਮਿਲੇ

ਚੰਡੀਗੜ੍ਹ, 28 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਨਾਲ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗ ਪਈ ਹੈ। ਅੱਜ ਐਤਵਾਰ ਨੂੰ 29 ਮਰੀਜ਼ਾਂ ਦੀ ਮੌਤ ਹੋ ਗਈ। ਇਹ ਇਸ ਸਾਲ ਇੱਕੋ ਦਿਨ ਵਿਚ ਸਭ ਤੋਂ ਵੱਧਮੌਤਾਂ ਹਨ ਅਤੇ ਦਸ ਦਿਨਾਂ ਵਿਚ 488 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੇਸ ਵੀ ਵਧ ਰਹੇ ਹਨ।

ਐਤਵਾਰ ਨੂੰ ਪੰਜਾਬ ਵਿੱਚ ਕੋਰੋਨਾ ਦੇ 2963 ਨਵੇਂ ਪਾਜ਼ੇਟਿਵ ਕੇਸ ਮਿਲੇ ਹਨ। ਸਭ ਤੋਂ ਵੱਧ ਲੁਧਿਆਣੇ ਦੇ 437 ਕੇਸ, ਅੰਮ੍ਰਿਤਸਰ 372, ਪਟਿਆਲਾ 307, ਮੋਹਾਲੀ 291 ਅਤੇ ਹੁਸ਼ਿਆਰਪੁਰ ਦੇ 289 ਕੇਸਮਿਲੇਹਨ, ਪਰ ਸਭ ਤੋਂ ਵੱਧ 3308 ਸਰਗਰਮ ਕੇਸ ਇਸ ਵਕਤ ਜਲੰਧਰ ਵਿਚ ਹਨ, ਜਿਸ ਤੋਂ ਬਾਅਦ ਮੋਹਾਲੀ ਵਿਚ 3301 ਮਰੀਜ਼ ਹਨ। ਅੱਜ ਐਤਵਾਰ ਨੂੰ ਲੁਧਿਆਣੇ ਵਿਚ ਕੋਰੋਨਾ ਦੇ ਕਾਰਨ ਸਭ ਤੋਂ ਵੱਧ ਦਸ ਲੋਕਾਂ ਦੀ ਮੌਤ ਹੋਈ, ਹੁਸ਼ਿਆਰਪੁਰ ਤੇ ਜਲੰਧਰ ਵਿਚ ਅੱਠ-ਅੱਠ, ਗੁਰਦਾਸਪੁਰ ਵਿਚ ਛੇ, ਅੰਮ੍ਰਿਤਸਰ, ਕਪੂਰਥਲਾ, ਮੋਹਾਲੀ ਅਤੇ ਬਠਿੰਡੇ ਵਿੱਚ ਚਾਰ-ਚਾਰ, ਫਾਜ਼ਿਲਕਾ, ਤਰਨਤਾਰਨ, ਰੋਪੜ ਤੇ ਨਵਾਂਸ਼ਹਿਰ ਵਿਚ ਤਿੰਨ-ਤਿੰਨ, ਸੰਗਰੂਰ, ਪਟਿਆਲਾ ਤੇ ਫਿਰੋਜ਼ਪੁਰ ਵਿਚ ਦੋ-ਦੋ ਤੇ ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ ਤੇ ਮੋਗੇ ਵਿਚ ਇਕ-ਇਕ ਵਿਅਕਤੀ ਦੀ ਮੌਤ ਹੋਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

KANG TAX & FINANCIAL SERVICES
Carte WEALTH MANAGEMENT INC.
› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***
FREE For New Immigrants
$10 OFF Coupon only for New Clients One per family
TAX Filing $40+Tax
Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca
Suite #105-2645 Islington Ave. Etobicoke, ON M9V 2X6
Website: www.kangtax.com
Email: sukhwinder.kang@cartewm.com

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਕੈਪਟਨ ਅਮਰਿੰਦਰ ਸਿੰਘ ਦੀ ਤੁਲਨਾ ਬਾਬੇ ਨਾਨਕ ਨਾਲ ਕਰਕੇ ਬੁਰੇ ਕਾਂਗਰਸ ਵਿਧਾਇਕ ਜੋਗਿੰਦਰ ਪਾਲ ਫਸੇ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh, Angrez Singh
Office Admin: Priya Dhillon
Graphic Designer: Priya Dhillon
Photographer: Kanwaljit Singh Kanwal
Distributer: Aman Warraich
Marketing: Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਚੰਡੀਗੜ੍ਹ, 28 ਮਾਰਚ (ਪੋਸਟ ਬਿਊਰੋ)- ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕਰਕੇ ਵਿਵਾਦ ਵਿੱਚ ਘਿਰ ਗਏ ਹਨ। ਪਾਰਟੀ ਨੇ ਵੀ ਉਸ ਦੇ ਇਸ ਬਿਆਨ ਦਾ ਬੁਰਾ ਮਨਾਇਆ ਅਤੇ ਵਿਰੋਧੀ ਧਿਰਾਂ ਦੇ ਨਿਸ਼ਾਨੇ ਉੱਤੇ ਵੀ ਇਹ ਕਾਂਗਰਸੀ ਵਿਧਾਇਕ ਆ ਗਏ ਹਨ।

ਅਸਲ ਵਿੱਚ ਇੱਕ ਦਿਨ ਪਹਿਲਾਂ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੇ ਚੰਡੀਗੜ੍ਹ ਵਿੱਚ ਕਾਂਗਰਸੀ ਵਿਧਾਇਕਾਂ ਦੀ ਮੀਟਿੰਗ ਰੱਖੀ ਸੀ ਤਾਂ ਜੋ ਅਗਲੀਆਂ ਚੋਣਾਂ ਵਾਸਤੇ ਫੀਡਬੈਕ ਲਈ ਜਾ ਸਕੇ। ਮੀਟਿੰਗ ਮਗਰੋਂ ਜੋਗਿੰਦਰ ਪਾਲ ਭੋਆ ਨੇ ਮੀਡੀਆ ਕੋਲ ਕੈਪਟਨ ਅਮਰਿੰਦਰ ਸਿੰਘ ਦੀ ਤੁਲਨਾ ਬਾਬੇ ਨਾਨਕ ਨਾਲ ਕਰ ਦਿੱਤੀ। ਉਸ ਨੇ ਕੈਪਟਨ ਸਰਕਾਰ ਦੀਆਂ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਦੀ



ਚਰਚਾ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਰਾਮ ਅਤੇ ਸ੍ਰੀ ਰਵਿਦਾਸ ਤੋਂ ਵੀ ਲੋਕ ਖੁਸ਼ ਨਹੀਂ ਸਨ, ਕੈਪਟਨ ਅਮਰਿੰਦਰ ਸਿੰਘ ਨੇ ਬਹੁਤ ਕੰਮ ਕੀਤੇ ਹਨ ਅਤੇ ਲੋਕ ਉਨ੍ਹਾਂ ਤੋਂ ਖੁਸ਼ ਹਨ।

ਜੋਗਿੰਦਰ ਪਾਲ ਇਸ ਬਿਆਨ ਨਾਲ ਵਿਰੋਧੀਆਂ ਦੇ ਨਿਸ਼ਾਨੇ ਉੱਤੇ ਆ ਗਏ। ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੋਗਿੰਦਰ ਪਾਲ ਨੇ ਅਜਿਹਾ ਕਰ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਈ ਹੈ ਅਤੇ ਉਨ੍ਹਾਂ ਨੂੰ ਆਮ ਆਦਮੀ ਦੀ ਤੁਲਨਾ ਗੁਰੂ ਨਾਲ ਨਹੀਂ ਕਰਨੀ ਚਾਹੀਦੀ ਸੀ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ, ਕਾਂਗਰਸ ਪਾਰਟੀ ਅਤੇ ਇਹ ਵਿਧਾਇਕ ਫੌਰੀ ਮੁਆਫੀ ਮੰਗੇ ਤੇ ਇਸ ਵਿਧਾਇਕ ਉੱਤੇ ਪੁਲਸ ਕੇਸ ਦਰਜ ਹੋਣਾ ਚਾਹੀਦਾ ਹੈ। ਅਕਾਲੀ ਆਗੂ ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਕਾਂਗਰਸੀ ਵਿਧਾਇਕ ਦਾ ਬਿਆਨ ਸ਼ਰਮਨਾਕ ਹੈ ਅਤੇ ਉਸ ਨੂੰ ਬਾਬੇ ਨਾਨਕ ਦੀ ਤੁਲਨਾ ਪ੍ਰਸ਼ਾਂਤ ਕਿਸ਼ੋਰ ਦੇ ਝੂਠ ਨਾਲ ਨਹੀਂ ਕਰਨੀ ਚਾਹੀਦੀ ਸੀ। ਉਨ੍ਹਾਂ ਨੇ ਮੰਗ ਕੀਤੀ ਕਿ ਕਾਂਗਰਸ ਪਾਰਟੀ ਇਸ ਦੀ ਮੁਆਫੀ ਮੰਗੇ।

ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਵਿਧਾਇਕ ਨੂੰ ਏਦਾਂ ਮੁੱਖ ਮੰਤਰੀ ਦੀ ਤੁਲਨਾਂ ਗੁਰੂ ਸਾਹਿਬ ਨਾਲ ਨਹੀਂ ਕਰਨੀ ਚਾਹੀਦੀ ਸੀ।ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਜੋਗਿੰਦਰ ਪਾਲ ਨੇ ਇਸ ਤਰ੍ਹਾਂ ਗੁਰੂ ਸਾਹਿਬ ਨਾਲ ਤੁਲਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਤੌਹੀਨ ਬਰਦਾਸ਼ਤ ਨਹੀਂ ਹੋ ਸਕਦੀ ਅਤੇ ਜੋਗਿੰਦਰ ਪਾਲ ਨੂੰ ਫੌਰੀ ਇਸ ਦੀ ਮੁਆਫੀ ਮੰਗਣੀ ਚਾਹੀਦੀ ਹੈ।

ਅਕਾਲੀ ਦਲ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਜਥੇਦਾਰ ਤੋਤਾ ਸਿੰਘ ਅਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਉਹ ਕੈਪਟਨ ਅਮਰਿੰਦਰ ਸਿੰਘ ਨੇ ਫੌਰੀ ਕਾਰਵਾਈ ਨਾ ਕੀਤੀ ਤਾਂ ਉਹ ਇਹ ਮਾਮਲਾ ਧਾਰਮਿਕ ਪੱਧਰ ਉੱਤੇ ਉਠਾਉਣਗੇ। ਅਕਾਲੀ ਆਗੂਆਂ ਨੇ ਕਿਹਾ ਕਿ ਅਜਿਹੀ ਤੁਲਨਾ ਕਰਨਾ ਜਾਂ ਕਰਾਉਣਾ ਜਾਂ ਆਪਣੀ ਤੁਲਨਾ ਗੁਰੂ ਸਾਹਿਬਾਨ ਨਾਲ ਹੁੰਦੀ ਸੁਣ ਕੇ ਚੁੱਪ ਰਹਿਣਾ, ਇਹ ਸਭ ਕੁਝ ਸਿੱਖੀ ਮਰਿਆਦਾ ਅਨੁਸਾਰ ਪਾਪ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
- AZ Tractor trailer program
- Manual transmission & backup training everyday
- We welcome welfare workers & compensation clients

Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਨੈਨੀ ਦੀ ਲੋੜ
Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:
416-556-6884

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS


905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance | Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਪੰਜਾਬ ਦੀਆਂ ਚੋਣਾਂ ਵਿੱਚ ਇੱਕ ਸਾਲ ਰਹਿੰਦਿਆਂ ਇਹ ਝਲਕ ਮਿਲਦੀ ਹੈ ਰਾਜਨੀਤੀ ਦੀ



ਜਤਿੰਦਰ ਪੰਨੂ

ਭਾਰਤ ਦੇ ਪੰਜਾਂ ਰਾਜਾਂ ਵਿੱਚ ਇਸ ਵਕਤ ਵਿਧਾਨ ਸਭਾ ਚੋਣਾਂ ਦਾ ਅਮਲ ਚੱਲ ਰਿਹਾ ਹੈ। ਸਾਡੀ ਸੂਚਨਾ ਮੁਤਾਬਕ ਇਸ ਸਾਲ ਹੋਰ ਕਿਸੇ ਰਾਜ ਦੀ ਵਿਧਾਨ ਸਭਾ ਲਈ ਚੋਣ ਹੋਣ ਦੀ ਕੋਈ ਸੰਭਾਵਨਾ ਨਹੀਂ। ਜੇ ਕਿਸੇ ਰਾਜ ਵਿਚਲੀ ਸਰਕਾਰ ਆਪਣੇ ਮੱਤਭੇਦਾਂ ਜਾਂ ਦਲ-ਬਦਲੀਆਂ ਨਾਲ ਟੁੱਟਣ ਦੀ ਨੌਬਤ ਆ ਗਈ ਤਾਂ ਕੋਈ ਚੋਣ ਹੋ ਵੀ ਸਕਦੀ ਹੈ, ਵਰਨਾ ਅਗਲੇ ਸਾਲ ਤੱਕ ਕੋਈ ਚੋਣ ਨਹੀਂ ਹੋਣੀ ਅਤੇ ਅਗਲੇ ਸਾਲ ਜਿਨ੍ਹਾਂ ਰਾਜਾਂ ਵਿੱਚ ਸਭ ਤੋਂ ਪਹਿਲਾਂ ਚੋਣਾਂ ਹੋਣੀਆਂ ਹਨ, ਪੰਜਾਬ ਦਾ ਨਾਂਅ ਵੀ ਉਨ੍ਹਾਂ ਵਿੱਚ ਸ਼ਾਮਲ ਹੈ, ਉੱਤਰ ਪ੍ਰਦੇਸ਼ ਤੇ ਉੱਤਰਾ ਖੰਡ ਜਾਂ ਮਨੀਪੁਰ ਤੇ ਗੋਆ ਦਾ ਵੀ। ਇਸ ਵੇਲੇ ਦੀਆਂ ਚੋਣਾਂ ਵਾਲੇ ਪੰਜ ਰਾਜਾਂ ਵਿੱਚੋਂ ਕੇਰਲਾ, ਤਾਮਿਲ ਨਾਡੂ, ਆਸਾਮ ਅਤੇ ਪੁੱਡੂਚੇਰੀ ਦੇ ਨਤੀਜਿਆਂ ਦਾ ਅਗਾਊਂ ਅੰਦਾਜ਼ਾ ਲੱਗ ਸਕਦਾ ਹੈ, ਪਰ ਪੱਛਮੀ ਬੰਗਾਲ ਬਾਰੇ ਅੰਦਾਜ਼ਾ ਲਾਉਣਾ ਔਖਾ ਹੈ। ਆਪਣੀਆਂ ਖਾਹਿਸ਼ਾਂ ਦੇ ਮੁਤਾਬਕ ਨਤੀਜੇ ਦਾ ਅੰਦਾਜ਼ਾ ਲਾਉਣ ਵਾਲੇ ਜੋ ਮਰਜ਼ੀ ਆਖੀ ਜਾਣ, ਊਠ ਓਥੇ ਕਿਸੇ ਪਾਸੇ ਵੀ ਬੈਠ ਸਕਦਾ ਹੈ ਅਤੇ ਉਸ ਦੇ ਨਤੀਜੇ ਦੀ ਚਰਚਾ ਅਗਲੇ ਸਾਲ ਦੇ ਚੋਣ ਘੋਲ ਵਿੱਚ ਦਾਅ ਉੱਤੇ ਲੱਗਣ ਵਾਲੇ ਪਹਿਲੇ ਪੰਜਾਂ ਰਾਜਾਂ ਵਿੱਚ ਜ਼ੋਰ ਨਾਲ ਹੋਣੀ ਹੈ। ਬਾਕੀਆਂ ਰਾਜਾਂ ਦਾ ਪਤਾ ਨਹੀਂ, ਪੰਜਾਬ ਉੱਤੇ ਪੱਛਮੀ ਬੰਗਾਲ ਜਾਂ ਦੂਸਰੇ ਚਹੁੰ ਰਾਜਾਂ ਦੀਆਂ ਚੋਣਾਂ ਨਾਲ ਕੋਈ ਖਾਸ ਅਸਰ ਨਹੀਂ ਪਵੇਗਾ। ਏਥੇ ਪੰਜਾਬ ਦਾ ਆਪਣਾ ਚੋਣ-ਦ੍ਰਿਸ਼ ਹੈ ਅਤੇ ਇਸ ਦੀਆਂ ਦੂਸਰੇ ਰਾਜਾਂ ਤੋਂ ਵੱਖਰੀਆਂ ਆਪਣੀਆਂ ਚੋਣ ਸੰਭਾਵਨਾਵਾਂ ਹਨ, ਜਿਹੜੀਆਂ ਵੱਲ ਏਥੋਂ ਦੇ ਆਮ ਲੋਕਾਂ ਨੇ ਵੀ ਵੇਖਣਾ ਹੈ ਤੇ ਏਥੋਂ ਦੀਆਂ ਰਾਜਸੀ ਪਾਰਟੀਆਂ ਨੂੰ ਵੀ ਸੋਚਣਾ ਪੈਣਾ ਹੈ।

ਪਹਿਲੀ ਗੱਲ ਇਹ ਮੰਨਣੀ ਬਣਦੀ ਹੈ ਕਿ ਕਿਸਾਨੀ ਮੁੱਦੇ ਦੀ ਮਾਰ ਕਾਰਨ ਉਹ ਪਾਰਟੀ ਪੰਜਾਬ ਵਿੱਚ ਬਹੁਤਾ ਕੁਝ ਕਰਨ ਜੋਗੀ ਨਹੀਂ ਰਹਿ ਗਈ, ਜਿਹੜੀ ਬਾਕੀ ਭਾਰਤ ਵਿੱਚ ਹੁੜਦੰਗ ਮਚਾਉਂਦੀ ਫਿਰਦੀ ਤੇ ਪੰਜਾਬ ਦੀਆ ਸਭਨਾਂ ਇੱਕ ਸੌ ਸਤਾਰਾਂ ਸੀਟਾਂ ਤੋਂ ਉਮੀਦਵਾਰ ਖੜੇ ਕਰਨ ਦੇ ਦਮਗਜ਼ੇ ਮਾਰ ਰਹੀ ਹੈ। ਇਸ ਪਾਰਟੀ ਦੇ ਲੀਡਰ ਇਸ ਵਕਤ ਕਿਸੇ ਦੇ ਵਿਆਹ-ਸ਼ਾਦੀ ਜਾਂ ਮਰਗ ਦੇ ਭੋਗ ਮੌਕੇ ਜਾਣ ਜੋਗੇ ਵੀ ਨਹੀਂ ਰਹੇ ਤੇ ਕੱਲ੍ਹ ਨੂੰ ਕੋਈ ਮੋੜਾ ਵੀ ਪੈ ਜਾਵੇ ਤਾਂ ਦੂਸਰੀ ਕਿਸੇ ਹੋਰ ਪਾਰਟੀ ਨੇ ਇਹੋ ਜਿਹੇ ਹਾਲਾਤ ਵਿੱਚ ਇਸ ਨਾਲ ਸਾਂਝ ਪਾਉਣ ਦਾ ਹੌਸਲਾ ਨਹੀਂ ਕਰਨਾ। ਇਹ ਪਾਰਟੀ ਅਗਲੀ ਚੋਣ ਵਿੱਚ ਉਸ ਆਗੂ ਉੱਤੇ ਵੱਡੀ ਟੇਕ ਰੱਖੀ ਫਿਰਦੀ ਹੈ, ਜਿਸ ਨੂੰ ਕੁਝ ਮਹੀਨੇ ਪਹਿਲਾਂ ਉਸ ਨੇ ਕੇਂਦਰ ਦਾ ਵੱਡਾ ਅਹੁਦਾ ਦੇ ਕੇ ਸਮਝ ਲਿਆ ਹੈ ਕਿ ਉਹ ਪਾਰਟੀ ਦੇ ਪੱਖ ਵਿੱਚ ਹਨੇਰੀ ਵਗਾ ਦੇਵੇਗਾ। ਰਿਕਾਰਡ ਦੱਸਦਾ ਹੈ ਕਿ ਜਦੋਂ ਇਸੇ ਲੀਡਰ ਨੂੰ ਲਕਸ਼ਮੀ ਕਾਂਤਾ ਚਾਵਲਾ ਦਾ ਤਿੰਨ ਵਾਰੀਆਂ ਦਾ ਜਿੱਤਿਆ ਹਲਕਾ ਖੋਹ ਕੇ ਟਿਕਟ ਦਿੱਤੀ ਤਾਂ ਪਹਿਲੀ ਵਾਰੀ ਤੇਰਾਂ ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰਿਆ ਸੀ ਤੇ ਦੂਸਰੀ ਵਾਰੀ ਹਾਰ ਦਾ ਫਰਕ ਇੱਕੀ ਹਜ਼ਾਰ ਤੋਂ ਵਧ ਗਿਆ ਸੀ। ਬਾਕੀ ਹਲਕਿਆਂ ਵਿੱਚ ਵੀ ਹਾਲਤ ਇਸ ਪਾਰਟੀ ਦੀ ਸੁਧਰੀ ਨਹੀਂ ਤੇ ਚੋਣ ਲੜਨ ਦੇ ਚਾਹਵਾਨ ਕੰਨੀ ਕਤਰਾਉਂਦੇ ਫਿਰਦੇ ਹਨ।

ਹਾਲਾਤ ਦੱਸਦੇ ਹਨ ਕਿ ਅਗਲੇ ਸਾਲ ਦੀਆਂ ਚੋਣਾਂ ਵਿੱਚ ਮੁਕਾਬਲਾ ਤਿੰਨ-ਧਿਰਾ ਰਹਿਣ ਦੀ ਸੰਭਾਵਨਾ ਹੈ ਤੇ ਸਭ ਨੂੰ ਪਤਾ ਹੈ ਕਿ ਇਹ ਤਿੰਨ ਧਿਰਾਂ ਰਾਜ ਕਰਦੀ ਕਾਂਗਰਸ ਪਾਰਟੀ, ਅੱਜ ਦੀ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਕਈ ਵਾਰ ਰਾਜ ਕਰ ਚੁੱਕਾ ਸ਼੍ਰੋਮਣੀ ਅਕਾਲੀ ਦਲ ਹੀ ਹਨ। ਅਕਾਲੀਆਂ ਨੂੰ ਵਹਿਮ ਹੈ ਕਿ ਲੋਕ ਜਦੋਂ ਕਾਂਗਰਸ ਤੋਂ ਨਾਰਾਜ਼ ਹੋ ਕੇ ਪਾਸਾ ਵੱਟਣਗੇ ਤਾਂ ਸਾਡੇ ਬਿਨਾਂ ਕਿਸੇ ਹੋਰ ਪਾਸੇ ਵੱਲ ਜਾਣ ਜੋਗੇ ਨਹੀਂ ਰਹਿਣੇ ਅਤੇ ਏਸੇ ਲਈ ਇੱਕ ਵਾਰ ਫਿਰ ਰਾਜ-ਸੱਤਾ ਵਾਲਾ ਬਟੇਰਾ ਆਪਣੇ ਆਪ ਸਾਡੇ ਪੈਰ ਥੱਲੇ ਆ ਜਾਣਾ ਹੈ। ਕਾਂਗਰਸ ਵਾਲੇ ਵੀ ਏਸੇ ਵਹਿਮ ਦਾ ਸ਼ਿਕਾਰ ਹਨ ਕਿ ਵਿਰੋਧੀ ਧਿਰਾਂ ਵਿੱਚੋਂ ਕੋਈ ਉੱਠ ਨਹੀਂ ਰਹੀ ਤੇ ਸਾਨੂੰ ਦੋਬਾਰਾ ਚੁਣਨਾ ਲੋਕਾਂ ਦੀ ਮਜਬੂਰੀ ਬਣ ਜਾਣਾ ਹੈ। ਇਹੋ ਜਿਹਾ ਵਹਿਮ ਜਿਸ ਨੂੰ ਵੀ ਪੈ ਜਾਵੇ, ਉਹ ਮਾਰਿਆ ਜਾਂਦਾ ਹੁੰਦਾ ਹੈ। ਅਕਾਲੀ ਆਗੂਆਂ ਨੂੰ ਇਹ ਸਮਝ ਨਹੀਂ ਆਈ ਕਿ ਅਗਲੇ ਦਿਨਾਂ ਵਿੱਚ ਬਰਗਾੜੀ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਦੇ ਗੋਲੀ ਕਾਂਡ ਦੀ ਸੁਣਵਾਈ ਜਦੋਂ ਹੋਣੀ ਹੈ ਤਾਂ ਇਹ ਹਾਲਾਤ ਵੀ ਬਣ ਸਕਦੇ ਹਨ ਕਿ ਉਨ੍ਹਾਂ ਲਈ ਪਿੰਡਾਂ ਵਿੱਚ ਜਾਣਾ ਔਖਾ ਹੋ ਜਾਵੇ। ਇਹੋ ਨਹੀਂ, ਕਿਸਾਨੀ ਵਿਰੁੱਧ ਨਰਿੰਦਰ ਮੋਦੀ ਸਰਕਾਰ ਦੇ ਬਿੱਲਾਂ ਦੀ ਪਹਿਲਾਂ ਹਮਾਇਤ ਕਰਨ ਦੇ ਬਾਅਦ ਉਹ ਭਾਵੇਂ ਕਿਸਾਨਾਂ ਦਾ ਸਮੱਰਥਨ ਵੀ ਕਰਨ ਲੱਗ ਪਏ, ਪਰ ਉਸ ਪਹਿਲੀ ਗਲਤੀ ਦਾ ਮਾੜਾ ਪ੍ਰਭਾਵ ਅਜੇ ਵੀ ਇਸ ਪਾਰਟੀ ਦਾ ਰਾਹ ਰੋਕਣ ਵਾਲਾ ਬਣਦਾ ਜਾਪਦਾ ਹੈ। ਅਕਾਲੀ ਦਲ ਦਾ ਪ੍ਰਧਾਨ ਅਤੇ ਉਸ ਦੇ ਨਾਲ ਜੁੜੀ ਹੋਈ ਟੀਮ ਦੇ ਲੋਕ ਜਿਵੇਂ ਲਗਾਤਾਰ ਗਲਤੀਆਂ ਕਰਨ ਲੱਗੇ ਰਹਿੰਦੇ ਹਨ, ਉਨ੍ਹਾਂ ਗਲਤੀਆਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗਾਇਬ ਹੋਣ ਸਣੇ ਕਈ ਹੋਰ ਮੁੱਦੇ ਮਿਲ ਕੇ ਅਗਲੇ ਸਾਲ ਦੀਆਂ ਚੋਣਾਂ ਵਿੱਚ ਉਨ੍ਹਾਂ ਲਈ ਪਿੰਡ-ਪਿੰਡ ਸਵਾਲਾਂ ਦੀ ਵਾਛੜ ਦਾ ਕਾਰਨ ਬਣ ਸਕਦੇ ਹਨ।

ਆਮ ਆਦਮੀ ਪਾਰਟੀ ਨੇ ਪਿਛਲੀ ਵਾਰੀ ਆਪਣੀ ਮੁਹਿੰਮ ਬਹੁਤ ਜ਼ਿਆਦਾ ਚੜ੍ਹਾ ਦਿੱਤੀ ਸੀ, ਪਰ ਆਖਰੀ ਵਕਤ ਕੁਝ ਗਲਤੀਆਂ ਕਰ ਕੇ ਆਪ ਹੀ ਨੁਕਸਾਨ ਕਰ ਲਿਆ ਸੀ। ਉਨ੍ਹਾਂ ਦੇ ਇੱਕ ਕੇਂਦਰੀ ਲੀਡਰ ਦਾ ਇਹ ਕਹਿਣਾ ਠੀਕ ਹੈ ਕਿ ਇਸ ਪਾਰਟੀ ਦੇ ਚਾਰ ਸਾਲ ਪਹਿਲਾਂ ਦੇ ਉਸ ਤਜਰਬੇ ਬਾਰੇ ਇੱਕ ਕਿਤਾਬ 'ਜਿੱਤੀ ਬਾਜ਼ੀ ਹਾਰਨ ਦੇ ਨੁਸਖੇ' ਲਿਖੀ ਜਾਵੇ ਤਾਂ ਉਸ ਦੇ ਲਈ ਮਸਾਲਾ ਬਹੁਤ ਸਾਰਾ ਤਿਆਰ ਮਿਲਦਾ ਹੈ। ਲੱਗਦਾ ਹੈ ਕਿ ਇਹ ਪਾਰਟੀ ਇਸ ਵਾਰੀ ਕਾਫੀ ਸੋਚ-ਸੋਚ ਕੇ ਕਦਮ ਪੁੱਟ ਰਹੀ ਹੈ ਅਤੇ ਆਪਣੀ ਅੰਦਰੂਨੀ ਹਾਲਾਤ ਨੂੰ ਸੁਧਾਰਨ ਵਾਸਤੇ ਵੀ ਖੁਦ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਧਿਆਨ ਲੱਗਾ ਪਿਆ ਹੈ। ਮਾੜੀ ਗੱਲ ਫਿਰ ਇਹੀ ਹੈ ਕਿ ਪੰਜਾਬ ਵਿੱਚ ਪਾਰਟੀ ਦੇ ਲੀਡਰਾਂ ਨੂੰ ਅਜੇ ਵੀ ਉਹ ਵਜ਼ਨ ਨਹੀਂ ਦਿੱਤਾ ਜਾ ਰਿਹਾ, ਜਿਹੜਾ ਨਾ ਦੇਣ ਕਾਰਨ ਪਿਛਲੇ ਸਮੇਂ ਵਿੱਚ ਨੁਕਸਾਨ ਹੋਇਆ ਸੀ। ਉਂਜ ਇਸ ਵਾਰੀ ਇਸ ਪਾਰਟੀ ਨੇ ਚੋਣ ਸਰਗਰਮੀ ਚੋਖਾ ਅਗੇਤੀ ਸ਼ੁਰੂ ਕੀਤੀ ਹੈ। ਕੇਜਰੀਵਾਲ ਵੱਲੋਂ ਇਸ ਹਫਤੇ ਬਾਘਾ ਪੁਰਾਣਾ ਰੈਲੀ ਲਈ ਅੰਮ੍ਰਿਤਸਰ ਹਵਾਈ ਅੱਡੇ ਉੱਤੇ ਉੱਤਰਨ ਅਤੇ ਲੋਕਾਂ ਵਿੱਚ ਆਧਾਰ ਰੱਖਦੀ, ਪਰ ਲਾਂਭੇ ਕੀਤੀ ਹੋਈ ਭਾਜਪਾ ਦੀ ਆਗੂ ਲਕਸ਼ਮੀ ਕਾਂਤਾ ਚਾਵਲਾ ਨਾਲ ਮੀਟਿੰਗ ਕਰਨ ਨੇ ਭਾਜਪਾ ਦੇ ਨਾਲ ਕਾਂਗਰਸ ਤੇ ਅਕਾਲੀ ਦਲ ਦੇ ਆਗੂਆਂ ਨੂੰ ਵੀ ਸੋਚੀਂ ਪਾ ਦਿੱਤਾ ਹੈ। ਇਸ ਪਾਰਟੀ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਸੁਖਪਾਲ ਸਿੰਘ ਖਹਿਰਾ ਦੇ ਬਾਰੇ ਭਾਵੇਂ ਚਰਚੇ ਹਨ ਕਿ ਉਹ ਫਿਰ ਕਾਂਗਰਸ ਵਿੱਚ ਜਾ ਸਕਦਾ ਹੈ ਤੇ ਇੱਕ-ਦੋ ਜਣੇ ਹੋਰ ਵੀ ਜਾ ਸਕਦੇ ਹਨ, ਪਰ ਕਾਂਗਰਸ ਅਤੇ ਅਕਾਲੀ ਦਲ ਵਿੱਚੋਂ ਮੁਕਾਬਲਤਨ ਚੰਗੇ ਅਕਸ ਵਾਲੇ ਕੁਝ ਲੋਕ ਇਸ ਪਾਰਟੀ ਵੱਲ ਆਉਣ ਲਈ ਚੋਖਾ ਯਤਨ ਕਰਦੇ ਪਏ ਹਨ। ਪਿਛਲੇ ਦਿਨੀਂ ਏਦਾਂ ਦੇ ਇੱਕ-ਦੋ ਜਣੇ ਆਪੋ-ਆਪਣੀ ਪੰਜਾਬ ਦੀ ਲੀਡਰਸ਼ਿਪ ਤੋਂ ਓਹਲਾ ਰੱਖ ਕੇ ਦਿੱਲੀ ਵਿੱਚ ਕਈ ਦਿਨ ਇੱਕ ਹੋਟਲ ਵਿੱਚ ਡੇਰੇ ਲਾ ਕੇ ਬੈਠੇ ਇਹੋ ਯਤਨ ਕਰਦੇ ਰਹੇ ਸਨ, ਪਰ ਆਮ ਆਦਮੀ ਪਾਰਟੀ ਇਹ ਸੋਚਦੀ ਰਹੀ ਸੀ ਕਿ ਇਹ ਸਾਡੇ ਵੱਲ ਆਏ ਦੇ ਬਜਾਏ ਕਿਸੇ ਵੱਲੋਂ ਸਾਡੀ ਸੂਹ ਲੈਣ ਲਈ ਭੇਜੇ ਵੀ ਹੋ ਸਕਦੇ ਹਨ।

ਰਹਿ ਗਈ ਕਹਾਣੀ ਕਾਂਗਰਸ ਪਾਰਟੀ ਦੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਰਣਨੀਤੀ ਦਾ ਮਾਹਰ ਗਿਣਿਆ ਜਾਂਦਾ ਪ੍ਰਸ਼ਾਂਤ ਕਿਸ਼ੋਰ ਭਾਵੇਂ ਅਗੇਤਾ ਸੱਦ ਲਿਆ ਹੈ, ਉਸ ਦੀ ਮੁੱਢਲੀ ਸਰਗਰਮੀ ਇਸ ਪਾਰਟੀ ਦੇ ਆਗੂਆਂ ਦਾ ਹੌਸਲਾ ਵਧਾਉਣ ਵਾਲੀ ਵੀ ਨਹੀਂ ਤੇ ਪਾਰਟੀ ਆਗੂਆਂ ਨੂੰ ਪਸੰਦ ਆਉਣ ਵਾਲੀ ਵੀ ਨਹੀਂ। ਉਹ ਆਪਣੇ ਆਪ ਵਿੱਚ ਇੱਕ ਬੌਸ ਵਾਂਗ ਵਿਹਾਰ ਕਰਨ ਦਾ ਆਦੀ ਹੋਣ ਕਾਰਨ ਕਈ-ਕਈ ਦਹਾਕਿਆਂ ਦੇ ਪਾਰਟੀ ਨਾਲ ਜੁੜੇ ਆਗੂ ਉਸ ਦੇ ਦਰਬਾਰ ਵਿੱਚ ਪੇਸ਼ ਹੋਣ ਲਈ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੋ ਰਹੇ। ਕੁਝ ਵਿਧਾਇਕਾਂ ਦੀ ਮੀਟਿੰਗ ਉਸ ਨੇ ਕਰਵਾਈ ਤਾਂ ਇਸ ਬਾਰੇ ਜਿੰਨਾ ਕੁਝ ਅਖਬਾਰਾਂ ਵਿੱਚ ਆਇਆ ਹੈ, ਉਹ ਦੱਸਦਾ ਹੈ ਕਿ ਵਿਧਾਇਕਾਂ ਨੇ ਸਾਫ ਕਿਹਾ ਕਿ ਮੰਤਰੀਆਂ ਨਾਲ ਗੱਲ ਕਰਨੀ ਸਾਡੇ ਲਈ ਵੀ ਔਖੀ ਹੈ, ਆਮ ਲੋਕ ਤਾਂ ਚੋਣਾਂ ਦੇ ਦਿਨਾਂ ਤੋਂ ਬਿਨਾਂ ਮੰਤਰੀਆਂ ਨੂੰ ਉਂਜ ਹੀ ਕਦੇ ਪਸੰਦ ਨਹੀਂ ਆਇਆ ਕਰਦੇ। ਵਿਧਾਇਕਾਂ ਨੇ ਇਹ ਵੀ ਕਹਿ ਦਿੱਤਾ ਕਿ ਅਕਾਲੀ-ਭਾਜਪਾ ਰਾਜ ਵੇਲੇ ਦੇ ਉਸ ਸਰਕਾਰ ਦੀ ਵਫਾਦਾਰੀ ਵਾਲੇ ਅਫਸਰ ਅਜੇ ਤੱਕ ਏਨੇ ਭਾਰੂ ਹਨ ਕਿ ਉਹ ਉਨ੍ਹਾਂ ਸਾਡਾ ਫੋਨ ਤੱਕ ਨਹੀਂ ਸੁਣਨਾ ਚਾਹੁੰਦੇ। ਮੁੱਖ ਮੰਤਰੀ ਨਾਲ ਜੁੜੀ ਹੋਈ ਟੀਮ ਬਾਰੇ ਵੀ ਕਈ ਵਿਧਾਇਕਾਂ ਨੂੰ ਸ਼ਿਕਾਇਤਾਂ ਹਨ, ਪਰ ਅਜੇ ਪੰਜ-ਸੱਤ ਮਹੀਨਿਆਂ ਤੱਕ ਉਨ੍ਹਾਂ ਬਾਰੇ ਕੋਈ ਇਸ ਲਈ ਕੁਝ ਨਹੀਂ ਬੋਲੇਗਾ ਕਿ ਉਹ ਪਿੱਛੇ ਨਾ ਪੈ ਜਾਂਦੇ ਹੋਣ। ਜਿਹੜੇ ਵਿਧਾਇਕਾਂ ਦੀ ਪਹਿਲਾਂ ਬਹੁਤੀ ਬਦਨਾਮੀ ਹੁੰਦੀ ਰਹੀ ਸੀ, ਇਸ ਵਕਤ ਉਨ੍ਹਾਂ ਤੋਂ ਵੱਧ ਬਦਨਾਮੀ ਇਹੋ ਜਿਹੇ ਵਿਧਾਇਕਾਂ ਦੀ ਹੋ ਰਹੀ ਹੈ, ਜਿਨ੍ਹਾਂ ਨੇ ਸਰਕਾਰੀ ਪੈਸੇ ਨਾਲ ਆਪਣੇ ਹਲਕੇ ਵਿੱਚ ਬਣ ਰਹੀਆਂ ਗਲੀਆਂ ਵਿੱਚ ਇੰਟਰ ਲਾਕਿੰਗ ਟਾਈਲਾਂ ਵਾਸਤੇ ਕਾਹਲੀ ਵਿੱਚ ਫੈਕਟਰੀਆਂ ਲਾਈਆਂ ਹਨ ਤੇ ਸਾਰਾ ਕੱਚਾ-ਪਿੱਲਾ ਅਤੇ ਗੈਰ-ਮਿਆਰੀ ਮਾਲ ਆਪਣੇ ਹਲਕੇ ਦੇ ਪਿੰਡਾਂ ਵਿੱਚ ਲਵਾਉਣਾ ਸ਼ੁਰੂ ਕਰ ਰੱਖਿਆ ਹੈ।

ਇਹ ਗੱਲ ਕਾਂਗਰਸੀ ਧਿਰ ਵਿੱਚ ਕੁਝ ਲੋਕਾਂ ਦਾ ਹੌਸਲਾ ਬੰਨ੍ਹਾਉਣ ਵਾਲੀ ਹੈ ਕਿ ਮੁੱਖ ਮੰਤਰੀ ਨੇ ਅਗਲੀਆਂ ਚੋਣਾਂ ਫਿਰ ਲੜਨ ਦਾ ਐਲਾਨ ਕਰ ਦਿੱਤਾ ਹੈ, ਪਰ ਇਹੋ ਗੱਲ ਕੁਝ ਹੋਰ ਲੋਕਾਂ ਵਿੱਚ ਕੌੜ ਪੈਦਾ ਕਰਨ ਵਾਲੀ ਹੈ। ਨਿੱਜੀ ਪੱਧਰ ਦੀਆਂ ਮੀਟਿੰਗਾਂ ਵਿੱਚ ਕੁਝ ਮੰਤਰੀ ਵੀ ਇਹ ਕਹਿਣ ਤੋਂ ਨਹੀਂ ਝਿਜਕਦੇ ਕਿ ਮੁੱਖ ਮੰਤਰੀ ਸਾਹਿਬ ਸਾਨੂੰ ਮਿਲਣ ਜੋਗਾ ਵੀ ਵਕਤ ਨਹੀਂ ਕੱਢਦੇ। ਏਹੋ ਜਿਹੀਆਂ ਗੱਲਾਂ ਜੇ ਉਹ ਮੰਤਰੀ ਸਾਡੇ ਕੋਲ ਕਰ ਜਾਂਦੇ ਹਨ ਤਾਂ ਏਦਾਂ ਹੋਰ ਵੀ ਕਈ ਥਾਂ ਕਰਦੇ ਹੋਣਗੇ। ਸਾਡੀ ਸੋਚ ਹੈ ਕਿ ਉਨ੍ਹਾਂ ਦਾ ਮੁੱਖ ਮੰਤਰੀ ਬਾਰੇ ਇਹ ਕਹਿਣਾ ਗਲਤ ਨਹੀਂ, ਪਰ ਏਦਾਂ ਦੀਆਂ ਗੱਲਾਂ ਕਰ ਕੇ ਉਹ ਆਪਣੀਆਂ ਪਿਛਲੇ ਚਾਰ ਸਾਲਾ ਵਿੱਚ ਕੁਝ ਨਾ ਕਰਨ ਜਾਂ ਮਲਾਈ ਚੱਟਣ ਲੱਗੇ ਰਹਿਣ ਦੀਆਂ ਕਹਾਣੀਆਂ ਕੱਜਣ ਦਾ ਯਤਨ ਵੀ ਕਰਦੇ ਹਨ। ਜੇ ਏਦਾਂ ਦੇ ਆਗੂਆਂ ਅਤੇ ਮੰਤਰੀਆਂ ਬਾਰੇ ਸਧਾਰਨ ਲੋਕਾਂ ਤੱਕ ਨੂੰ ਪਤਾ ਹੈ ਤਾਂ ਮੁੱਖ ਮੰਤਰੀ ਨੂੰ ਵੀ ਪਤਾ ਹੋਣਾ ਚਾਹੀਦਾ ਹੈ, ਪਰ ਮੁੱਖ ਮੰਤਰੀ ਨੇ ਇੱਕ ਸਾਲ ਬਾਅਦ ਹੋ ਰਹੀਆਂ ਚੋਣਾਂ ਲਈ ਸਰਗਰਮੀ ਦਾ ਕੋਈ ਮੁੱਢ ਕਦੋਂ ਤੱਕ ਬੰਨ੍ਹਣਾ ਹੈ, ਇਸ ਦਾ ਕੋਈ ਸੰਕੇਤ ਕਿਤੇ ਨਹੀਂ ਮਿਲ ਰਿਹਾ। ਕਾਂਗਰਸ ਦੇ ਬਹੁਤ ਸਾਰੇ ਆਗੂ ਵਹਿਮ ਦਾ ਸ਼ਿਕਾਰ ਹਨ ਕਿ ਕੁਝ ਕਰੀਏ ਨਾ ਕਰੀਏ, ਵਿਰੋਧੀ ਧਿਰ ਕਮਜ਼ੋਰ ਹੋਣ ਕਾਰਨ ਲੋਕਾਂ ਕੋਲ ਹੋਰ ਕੋਈ ਬਦਲ ਨਹੀਂ ਤੇ ਵੋਟਾਂ ਕਾਂਗਰਸ ਨੂੰ ਹੀ ਮਿਲਣੀਆਂ ਹਨ। ਇਹ ਵਹਿਮ ਉਨ੍ਹਾਂ ਨੂੰ ਡੋਬ ਵੀ ਸਕਦਾ ਹੈ ਤੇ ਜੇ ਏਸੇ ਤਰ੍ਹਾਂ ਚੱਲਦਾ ਰਿਹਾ ਤਾਂ ਅਗਲੀ ਚੋਣ ਦੇ ਬਾਅਦ ਆਮ ਆਦਮੀ ਪਾਰਟੀ ਦੇ ਲੀਡਰਾਂ ਵਾਂਗ ਇਹ ਵੀ ਕਹਿਣਗੇ ਕਿ ਜਿੱਤੀ ਬਾਜ਼ੀ ਕਿਵੇਂ ਹਾਰੀ ਜਾਂਦੀ ਹੈ, ਇਸ ਬਾਰੇ ਕਿਤਾਬ ਲਿਖਣ ਜੋਗਾ ਮਸਾਲਾ ਸਾਡੇ ਕੋਲ ਆ ਗਿਆ ਹੈ। ਜੇ ਇਹੋ ਕੰਮ ਕਰਨਾ ਹੈ ਤਾਂ ਇਹ ਰਾਹੁਲ ਗਾਂਧੀ ਅਤੇ ਉਸ ਨਾਲ ਜੁੜੀ ਟੀਮ ਦੇ ਤਜਰਬੇ ਨਾਲ ਵੀ ਹੋ ਸਕਦਾ ਹੈ, ਪਰ ਜੇ ਪੰਜਾਬ ਦੀ ਕਾਂਗਰਸ ਪਾਰਟੀ ਤੇ ਮੁੱਖ ਮੰਤਰੀ ਦੀ ਆਪਣੀ ਟੀਮ ਏਦਾਂ ਦਾ ਤਜਰਬਾ ਖੁਦ ਕਰਨਾ ਚਾਹੁੰਦੀ ਹੈ ਤਾਂ ਕਰ ਕੇ ਵੇਖ ਲਵੇਗੀ। ਏਦਾਂ ਦੀ ਕਿਤਾਬ ਪੰਜਾਬ ਦਾ ਕੋਈ ਕਾਂਗਰਸੀ ਨਾ ਲਿਖਣਾ ਚਾਹੇ ਤਾਂ ਕੋਈ ਫਰਕ ਨਹੀਂ ਪੈਂਦਾ, ਪੰਜਾਬ ਦਾ ਏਦਾਂ ਦਾ ਤਜਰਬਾ ਪੀ ਕੇ ਵਾਸਤੇ ਕਿਸੇ ਹੋਰ ਰਾਜ ਵਿੱਚ ਚੋਣਾਂ ਦਾ ਰਾਜਸੀ ਟੈਂਡਰ ਭਰਨ ਵਾਸਤੇ ਉਸ ਦੇ ਕੰਮ ਆ ਜਾਵੇਗਾ। ਚੋਣਾਂ ਵਿੱਚ ਇੱਕ ਸਾਲ ਤੋਂ ਘੱਟ ਸਮਾਂ ਰਹਿੰਦਾ ਹੈ, ਇਸ ਦੀ ਕਾਂਗਰਸੀ ਆਗੂਆਂ ਨੂੰ ਪ੍ਰਵਾਹ ਨਹੀਂ ਤਾਂ ਸਮਾਂ ਵੀ ਆਪਣੇ ਆਪ ਨੂੰ ਫੰਨੇ ਖਾਂ ਸਮਝਣ ਵਾਲਿਆਂ ਦੀ ਪ੍ਰਵਾਹ ਨਹੀਂ ਕਰਦਾ ਹੁੰਦਾ।

ਜਿਹੜਾ ਕੁਝ ਅਗਲੀਆਂ ਚੋਣਾਂ ਤੋਂ ਇੱਕ ਸਾਲ ਪਹਿਲਾਂ ਦੇ ਸਾਡੇ ਪ੍ਰਭਾਵਾਂ ਬਾਰੇ ਅਸੀਂ ਲਿਖਿਆ ਹੈ, ਇਹ ਪੰਜਾਬ ਦੇ ਅਜੋਕੇ ਹਾਲਤ ਦੇ ਚੌਖਟੇ ਵਿੱਚੋਂ ਦਿੱਸਦਾ ਹੈ, ਕੱਲ੍ਹ ਨੂੰ ਸਮਾਂ ਕੀ ਕਰਵਟ ਲਵੇਗਾ, ਹਾਲ ਦੀ ਘੜੀ ਕਹਿਣਾ ਔਖਾ ਹੈ।

## ਅਪਰਾਧ ਬੋਧ

-ਸੁਧਾਕਰ ਮਿਸ਼ਰਾ 'ਸਰਸ'

ਸੀਨੀਅਰ ਆਈ ਏ ਐੱਸ ਅਧਿਕਾਰੀ ਪਰਵਾਰ ਸਮੇਤ ਛੁੱਟੀਆਂ ਬਿਤਾਉਣ ਲਈ ਮਸੂਰੀ ਜਾ ਰਹੇ ਸਨ। ਰਸਤੇ ਵਿੱਚ ਉਨ੍ਹਾਂ ਨੇ ਦੇਖਿਆ ਕਿ ਰੁੱਖਾਂ ਉੱਤੇ ਚਿੜੀਆਂ ਦੇ ਕਈ ਸੁੰਦਰ ਆਲ੍ਹਣੇ ਲਟਕੇ ਹੋਏ ਹਨ।

ਇਹ ਦੇਖਦੇ ਹੀ ਮੁਕੁਲ ਦੀ ਪਤਨੀ ਰੀਨਾ ਨੇ ਆਪਣੇ ਘਰ ਦੀਆਂ ਕੰਧਾਂ ਨੂੰ ਸਜਾਉਣ ਦੇ ਲਈ ਦੋ ਆਲ੍ਹਣੇ ਲੈਣ ਦੀ ਇੱਛਾ ਪ੍ਰਗਟਾਈ। ਉਨ੍ਹਾਂ ਨਾਲ ਚਲ ਰਹੇ ਪੁਲਸ ਮੁਲਾਜ਼ਮਾਂ ਨੇ ਤੁਰੰਤ ਇੱਕ ਛੋਟੇ ਲੜਕੇ ਨੂੰ ਬੁਲਾਇਆ, ਜੋ ਉਥੇ ਪਸ਼ੂ ਚਾਰ ਰਿਹਾ ਸੀ। ਉਸ ਨੂੰ ਰੁੱਖਾਂ ਤੋਂ ਤੋੜ ਕੇ ਚਿੜੀਆਂ ਦੇ ਆਲ੍ਹਣੇ ਲਿਆਉਣ ਲਈ ਕਿਹਾ। ਲੜਕੇ ਨੇ ਇਨਕਾਰ ਵਿੱਚ ਸਿਰ ਹਿਲਾ ਦਿੱਤਾ। ਮੁਕੁਲ ਨੇ ਇਸ ਦੇ ਲਈ ਲੜਕੇ ਨੂੰ ਰੁਪਏ ਦੇਣ ਦੀ ਪੇਸ਼ਕਸ਼ ਕੀਤੀ। ਫਿਰ ਵੀ ਲੜਕੇ ਨੇ ਇਨਕਾਰ ਕਰ ਦਿੱਤਾ। ਪੁਲਸ ਵਾਲਿਆਂ ਨੇ ਲੜਕੇ ਨੂੰ ਧਮਕੀ ਦਿੱਤੀ ਤੇ ਉਸ ਨੂੰ ਦੱਸਿਆ ਕਿ ਸਾਬ੍ਹ ਕੁਲੈਕਟਰ ਹਨ, ਤੈਨੂੰ ਜੇਲ੍ਹ ਭੇਜ ਸਕਦੇ ਹਨ। ਲੜਕਾ ਤਦ ਰੀਨਾ ਤੇ ਮੁਕੁਲ ਕੋਲ ਗਿਆ ਅਤੇ ਕਿਹਾ, "ਸਾਬ੍ਹ ਮੈਂ ਅਜਿਹਾ ਨਹੀਂ ਕਰ ਸਕਦਾ। ਉਨ੍ਹਾਂ ਆਲ੍ਹਣਿਆਂ ਵਿੱਚ ਚਿੜੀਆਂ ਦੇ ਛੋਟੇ ਬੱਚੇ ਹਨ। ਚਿੜੀਆਂ ਆਪਣੇ ਬੱਚਿਆਂ ਲਈ ਭੋਜਨ ਦੀ ਤਲਾਸ਼ ਵਿੱਚ ਬਾਹਰ ਗਈਆਂ ਹਨ, ਜਦ ਉਹ ਵਾਪਸ ਆਈਆਂ ਤੇ ਬੱਚਿਆਂ ਨੂੰ ਨਹੀਂ ਦੇਖਣਗੀਆਂ ਤਾਂ ਦੁਖੀ ਹੋਣਗੀਆਂ, ਉਸ ਦਾ ਪਾਪ ਮੈਂ ਨਹੀਂ ਲੈ ਸਕਦਾ।"

ਇਹ ਸੁਣ ਕੇ ਮੁਕੁਲ ਹੈਰਾਨ ਰਹਿ ਗਏ, ਸੋਚਣ ਲੱਗੇ, ਮੇਰੇ ਰੁਤਬੇ, ਤਾਕਤ ਅਤੇ ਆਈ ਏ ਐੱਸ ਦੀ ਡਿਗਰੀ ਇੱਕ ਛੋਟੇ, ਅਨਪੜ੍ਹ, ਪਸ਼ੂ ਚਰਾਉਣ ਵਾਲੇ ਲੜਕੇ ਦੇ ਸਾਹਮਣੇ ਬੌਣੀ ਹੋ ਗਈ। ਇਸ ਘਟਨਾ ਦੇ ਬਾਅਦ ਮੁਕੁਲ ਦਾ ਮਨ ਡੂੰਘੇ ਅਪਰਾਧ ਬੋਧ ਨਾਲ ਭਰ ਗਿਆ।

## ਮਿੰਨੀ ਕਹਾਣੀਆਂ

## ਉਲ੍ਹਾਂਭਾ

-ਅਵੰਤੀ ਸ੍ਰੀਵਾਸਤਵ

"ਤੇਰੇ ਤੋਂ ਨਹੀਂ ਹੋਵੇਗਾ! ਛੱਡ ਦੇ, ਲਿਆ ਮੈਂ ਕਰ ਦਿਆਂ।" ਨਿਰੰਜਨ ਜੀ ਨੇ ਸਰਲਾ ਜੀ ਨੂੰ ਵਿਅੰਗਆਤਮਕ ਲਹਿਜੇ ਵਿੱਚ ਕਿਹਾ।

ਸਰਲਾ ਜੀ ਹਲਕੀ ਜਿਹੀ ਮੁਸਕੁਰਾਈ ਅਤੇ ਫਿਰ ਲੱਗ ਗਈ ਸਾਈਕਲ ਦੇ ਬੋਲਟ ਕੱਸਣ।


50 ਸਾਲ ਦੀ ਸਰਲਾ ਨੇ ਬੱਚਿਆਂ ਨੂੰ ਕਾਬਿਲ ਬਣਾ ਕੇ ਆਪਣੇ ਸੁਫਨਿਆਂ ਦੀ ਸਾਰ ਲੈਣੀ ਸ਼ੁਰੂ ਕੀਤੀ ਸੀ ਅਤੇ ਸਾਈਕਲ ਚਲਾਉਣਾ ਉਨ੍ਹਾਂ ਦੇ ਸੁਫਨਿਆਂ ਦਾ ਇੱਕ ਹਿੱਸਾ ਸੀ, ਜਿਸ ਨੂੰ ਉਹ ਕੱਸ ਕੇ ਪਕੜਨ ਦੀ ਕੋਸ਼ਿਸ਼ ਕਰ ਰਹੀ ਸੀ। ਨਿਰੰਜਨ ਜੀ ਹਮੇਸ਼ਾ ਉਨ੍ਹਾਂ ਨੂੰ ਕਹਿੰਦੇ ਰਹਿੰਦੇ, "ਤੇਰੇ ਤੋਂ ਨਹੀਂ ਹੋ ਸਕੇਗਾ, ਤੇਰੇ ਵੱਸ ਦਾ ਨਹੀਂ, ਬੇਵਕੂਫ ਏਂ? ਇੰਨਾ ਵੀ ਨਹੀਂ ਸਮਝਦੀ ਕਿ ਤੂੰ ਇਹ ਨਹੀਂ ਕਰ ਸਕੇਂਗੀ?" ਕਾਫੀ ਦੇਰ ਤੱਕ ਜਦ ਸਰਲਾ ਜੀ ਤੋਂ ਉਨ੍ਹਾਂ ਨੂੰ ਕੋਈ ਉਤਰ ਨਾ ਮਿਲਿਆ ਤਾਂ ਨਿਰੰਜਨ ਜੀ ਨੇ ਪੁੱਛਿਆ, "ਨਾਰਾਜ਼ ਹੋ ਗਈ ਏਂ?"

ਸਰਲਾ ਜੀ, ਨੇ ਮੁਸਕੁਰਾਉਂਦੇ ਹੋਏ ਕਿਹਾ, "ਨਹੀਂ, ਨਹੀਂ, ਤੁਹਾਡੇ ਇਹ ਉਲਾਂਭੇ, ਤਾਅਨੇ, ਵਿਅੰਗਾਤਮਕ ਲਹਿਜ਼ੇ ਇਹ ਠਹਾਕੇ ਇਹੀ ਤਾਂ ਮੈਨੂੰ ਅੱਗੇ ਵਧਣ ਦੀ ਤਾਕਤ ਦਿੰਦੇ ਹਨ। ਮੈਨੂੰ ਇਹ ਹੋਰ ਮਿਹਨਤ ਕਰਨ ਦੇ ਲਈ ਪ੍ਰੇਰਿਤ ਕਰਦੇ ਹਨ। ਮੈਂ ਮਨ ਹੀ ਮਨ ਠਾਣ ਲੈਂਦੀ ਹਾਂ ਕਿ ਮੈਨੂੰ ਇਸ ਵਿਅਕਤੀ ਨੂੰ ਗਲਤ ਸਾਬਿਤ ਕਰਨਾ ਹੈ।" ਇੰਨਾ ਕਹਿ ਕੇ ਉਹ ਪੈਡਲ ਮਾਰ, ਸਾਈਕਲ ਉੱਤੇ ਸਵਾਰ ਹੋ ਨਿਕਲ ਪਈ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224





KAMAL SANDHU
Sales Representative
647.891.0143



RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE

EXCLUSIVE

JAMES C

KAMAL SANDHU RE/MAX GOLD REALTY INC BROKERAGE

# ਕੀ ਜਨਰਲ ਬਾਜਵਾ ਜਾਂ ਫਿਰ ਇਮਰਾਨ ਖਾਨ ਪਾਕਿਸਤਾਨ ਦੀ ਪੁਰਾਣੀ ਮਾਨਸਿਕਤਾ ਛੱਡ ਸਕਣਗੇ?

–ਹਰੀ ਜੈਸਿੰਘ

ਜਦੋਂ ਭਾਰਤ ਦੀ ਗੱਲ ਆਉਂਦੀ ਹੈ ਤਾਂ ਪਾਕਿਸਤਾਨੀ ਫੌਜ ਦੇ ਮੁਖੀਆਂ ਵੱਲੋਂ ਮੇਲ-ਮਿਲਾਪ ਦੀਆਂ ਗੱਲਾਂ ਸੁਭਾਵਿਕ ਨਹੀਂ, ਕਿਉਂਕਿ ਉਨ੍ਹਾਂ ਦੀ ਹੋਂਦ ਹੀ ਭਾਰਤ ਵਿਰੁੱਧ ਸਖ਼ਤ ਵਤੀਰਾ ਅਪਣਾਉਣ ਉੱਤੇ ਨਿਰਭਰ ਹੁੰਦੀ ਹੈ। ਪਾਕਿਸਤਾਨ ਦੀ ਫੌਜ ਦੇ ਤਾਨਾਸ਼ਾਹਾਂ ਵੱਲੋਂ ਸਮੇਂ-ਸਮੇਂ ਨਰਮੀ ਦਿਖਾਉਣ ਨੂੰ ਸਿਆਸੀ ਕਦਮ ਹੀ ਮੰਨਿਆ ਜਾਂਦਾ ਹੈ। ਇਸ ਕਾਰਨ ਜਨਰਲ ਕਮਰ ਜਾਵੇਦ ਬਾਜਵਾ ਦਾ ਭਾਰਤ ਵੱਲ ਆਪਣੇ ਸਖ਼ਤ ਵਤੀਰੇ ਵਿੱਚ ਤਬਦੀਲੀ ਦਾ ਸੰਕੇਤ ਦੇਣਾ ਬਹੁਤੇ ਭਾਰਤੀਆਂ ਲਈ ਹੈਰਾਨੀ ਜਨਕ ਹੈ। ਇਸਲਾਮਾਬਾਦ ਸਕਿਓਰਿਟੀ ਡਾਇਲਾਗ ਨਾਂ ਦੇ ਪ੍ਰੋਗਰਾਮ ਵਿੱਚ ਇਸਲਾਮਾਬਾਦ ਵਿੱਚ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਦੇ ਨਾਲ ਦੱਖਣੀ ਏਸ਼ੀਆ ਦੀ ਬਿਹਤਰੀ ਦਾ ਖੇਤਰੀ ਆਰਥਿਕ ਏਕੀਕਰਨ ਦਾ ਵਿਚਾਰ ਦਿੱਤਾ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ ਉੱਤੇ ਭਾਰਤ ਨੂੰ ਦੋਵਾਂ ਦੇਸ਼ਾਂ ਵਿਚਾਲੇ ਸ਼ਾਂਤੀਪੂਰਨ ਗੱਲਬਾਤ ਬਹਾਲ ਕਰਨ ਲਈ ਕਸ਼ਮੀਰ ਵਿੱਚ 'ਢੁਕਵਾਂ ਮਾਹੌਲ' ਬਣਾਉਣ ਲਈ ਕਿਹਾ, ਪਰ ਉਨ੍ਹਾਂ ਨੇ ਕਸ਼ਮੀਰ ਵਿੱਚ 'ਢੁਕਵੇਂ ਮਾਹੌਲ' ਦੀ ਕਿਸਮ ਬਾਰੇ ਨਹੀਂ ਦੱਸਿਆ।

ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਜਨਰਲ ਜ਼ਿਆ-ਉਲ-ਹੱਕ ਵੱਲੋਂ ਸ਼ੁਰੂ ਕੀਤੀ ਗਈ 'ਲੁਕਵੀਂ ਜੰਗ' ਮੁੱਖ ਤੌਰ ਉੱਤੇ ਕਸ਼ਮੀਰ ਤੇ ਹੋਰ ਮੁੱਦਿਆਂ ਉੱਤੇ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਲਈ ਜ਼ਿੰਮੇਵਾਰ ਹੈ। ਪਾਕਿਸਤਾਨ ਦੇ ਤਾਲਿਬਾਨੀਕਰਨ ਨੇ ਪਹਿਲਾਂ ਹੀ ਭਾਰਤ ਤੇ ਪਾਕਿਸਤਾਨ ਵਿਚਾਲੇ ਪੁਰਾਣੇ ਸਮੀਕਰਨਾਂ ਨੂੰ ਵਿਗਾੜ ਛੱਡਿਆ ਹੈ। ਇਸਦੇ ਨਾਲ ਅਧਿਕਾਰਤ ਤੌਰ ਉੱਤੇ ਧਾਰਮਿਕ ਅੱਤਵਾਦ ਨੂੰ ਗਲੇ ਲਗਾਉਣ ਦਾ ਵੀ ਸਭ ਨੂੰ ਪਤਾ ਹੈ। ਜਨਰਲ ਬਾਜਵਾ ਦਾ ਵਿਚਾਰ ਅਜਿਹੇ ਸਮੇਂ ਉੱਤੇ ਸਾਹਮਣੇ ਆਇਆ ਹੈ, ਜਦੋਂ ਅਜਿਹੇ ਵਤੀਰੇ ਵਿਰੁੱਧ ਬੇਚੈਨੀ ਵਧਦੀ ਜਾ ਰਹੀ ਹੈ, ਇੱਥੋਂ ਤੱਕ ਕਿ ਪੱਛਮ ਵਿੱਚ ਵੀ।

ਪਾਕਿਸਤਾਨੀ ਫੌਜ ਨੂੰ ਅੱਤਵਾਦੀਆਂ ਨੂੰ ਪੈਸੇ ਤੇ ਸਿਖਲਾਈ ਦੇਣ ਦੇ ਇਲਾਵਾ ਕਸ਼ਮੀਰ ਵਿੱਚ ਦਾਖ਼ਲ ਕਰਨ ਲਈ 'ਕਵਰਿੰਗ ਫਾਇਰ' ਦੇਣ ਲਈ ਜਾਣਿਆ ਜਾਂਦਾ ਹੈ। ਮੈਂ ਹਮੇਸ਼ਾ ਕਿਹਾ ਹੈ ਕਿ ਪਾਕਿਸਤਾਨ ਵੱਲੋਂ ਸਪਾਂਸਰਡ ਸਰਹੱਦ ਪਾਰ ਤੋਂ ਹੁੰਦਾ ਅੱਤਵਾਦ ਸਭ ਤੋਂ ਵੱਡਾ ਮੁੱਦਾ ਹੈ, ਕਸ਼ਮੀਰ ਓਡਾ ਮੁੱਦਾ ਨਹੀਂ, ਜਿਸ ਨੇ ਭਾਰਤੀ ਉਪ-ਮਹਾਦੀਪ ਵਿੱਚ ਸ਼ਾਂਤੀ ਲਈ 'ਢੁਕਵਾਂ ਮਾਹੌਲ' ਨਹੀਂ ਬਣਨ ਦਿੱਤਾ। ਅੱਤਵਾਦ ਨੂੰ ਅਲੱਗ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਸ ਨੂੰ ਭਾਰਤ ਦੀ ਇੱਕ ਲੋਕਤੰਤਰੀ ਨੀਤੀ ਦੀ ਹੋਂਦ ਲਈ ਪ੍ਰਮੁੱਖ ਖਤਰੇ ਦੇ ਰੂਪ ਵਿੱਚ ਦੇਖਣਾ ਚਾਹੀਦਾ ਹੈ। ਜਨਰਲ ਬਾਜਵਾ ਨੇ ਇਸ ਵਾਰ ਕਸ਼ਮੀਰ ਬਾਰੇ ਸੁਰੱਖਿਆ ਕੌਂਸਲ ਦੇ ਮਤੇ ਦਾ ਆਪਣੇ ਦੇਸ਼ ਦਾ ਪੁਰਾਣਾ ਰਾਗ ਨਹੀਂ ਅਲਾਪਿਆ। ਇਸਦੇ ਨਾਲ ਹੀ ਉਨ੍ਹਾਂ ਨੇ ਇਹ ਸਪੱਸ਼ਟ ਕੀਤਾ ਕਿ ਸ਼ਾਂਤੀ ਪੂਰਨ ਢੰਗਾਂ ਨਾਲ ਕਸ਼ਮੀਰ ਮਸਲੇ ਦਾ ਹੱਲ ਕੀਤੇ ਬਿਨਾਂ 'ਉਪ-ਮਹਾਦੀਪ ਕਬਜ਼ਾ' ਹਮੇਸ਼ਾ 'ਪਹੜੀ ਤੋਂ ਉਤਾਰਨ ਲਈ ਬਹੁਤ ਨਾਜ਼ੁਕ' ਬਣਿਆ ਰਹੇਗਾ। ਇਸ ਲਈ ਉਹ ਸਮਝਦੇ ਹਨ ਕਿ ਇਹ ਸਮਾਂ 'ਬੀਤੇ ਨੂੰ ਦਫਨ ਕਰਕੇ ਅੱਗੇ ਵਧਣ' ਦਾ ਹੈ।

ਮੱਹਤਵ ਪੂਰਨ ਸਵਾਲ ਇਹ ਹੈ ਕਿ ਪਾਕਿਸਤਾਨ ਦੀ ਫੌਜੀ ਸੰਸਥਾ ਦੇ ਰੁਖ ਵਿੱਚ ਇਹ ਤਬਦੀਲੀ ਕਿਉਂ? ਇਸ ਸਵਾਲ ਦਾ ਸਾਧਾਰਨ ਜਵਾਬ ਹੈ। ਪਾਕਿਸਤਾਨ ਦਾ ਗੰਭੀਰ ਆਰਥਿਕ ਅਤੇ ਵਿੱਤੀ ਸੰਕਟ। ਇੱਥੋਂ ਤੱਕ ਕਿ ਇਸ ਨੂੰ ਐਫ ਏ ਟੀ ਐਫ (ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ) ਵੱਲੋਂ ਬਲੈਕਲਿਸਟ ਕੀਤੇ ਜਾਣ ਦਾ ਖਤਰਾ ਵੀ ਹੈ। ਇਸ ਖਤਰੇ ਦੇ ਇਲਾਵਾ ਪਾਕਿਸਤਾਨ ਨੂੰ ਆਪਣੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਘਰੇਲੂ ਮੁੱਦਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਨੂੰ ਕੰਟਰੋਲ ਕਰਨਾ ਪਾਕਿਸਤਾਨੀ ਫੌਜ ਲਈ ਮੁਸ਼ਕਲ ਹੋ ਰਿਹਾ ਹੈ।

ਪੱਛਮੀ ਏਸ਼ੀਆ ਵਿੱਚ ਭੂਗੋਲਿਕ ਸਿਆਸੀ ਤਬਦੀਲੀ, ਇੱਥੋਂ ਤੱਕ ਕਿ ਮਿੱਤਰ ਦੇਸ਼ਾਂ ਵੱਲੋਂ ਉਨ੍ਹਾਂ ਦੇ ਕਰਜ਼ੇ ਮੋੜਨ ਦੀਆਂ ਸ਼ਰਮਨਾਕ ਮੰਗਾਂ ਕਾਰਨ ਪਾਕਿਸਤਾਨ ਵਿਸ਼ਵ ਨੂੰ ਸੰਕੇਤ ਦੇ ਰਿਹਾ ਹੈ ਕਿ ਉਹ ਆਪਣੇ ਰਾਸ਼ਟਰੀ ਸੁਰੱਖਿਆ ਮਾਡਲ ਉੱਤੇ ਮੁੜ ਵਿਚਾਰ ਕਰ ਰਿਹਾ ਹੈ। ਜੋ ਵੀ ਹੋਵੇ, ਪਾਕਿਸਤਾਨ ਦਾ ਉਤਰ-ਪੱਛਮੀ ਮੋਰਚਾ ਵਧਦੇ ਇਸਲਾਮਿਕ ਅੱਤਵਾਦ ਦਾ ਇੱਕ ਪੈਦਾਇਸ਼ੀ ਅੱਡਾ ਬਣ ਗਿਆ ਹੈ ਜਿਸ ਨੇ ਖੁਦ ਪਾਕਿਸਤਾਨ ਦੀ ਸਥਿਰਤਾ ਲਈ ਖਤਰਾ ਪੈਦਾ ਕਰ ਦਿੱਤਾ ਹੈ। ਉਸ ਦੇ ਕੇਂਦਰੀ ਪ੍ਰਸ਼ਾਸਨ, ਕਬਾਇਲੀ ਖੇਤਰ ਅਤੇ ਉਤਰ-ਪੱਛਮੀ ਫਰੰਟੀਅਰ ਸੂਬੇ ਵੀ ਅਫਗਾਨਿਸਤਾਨ ਦੀ ਜੀਵਨ ਰੇਖਾ ਕਹਾਉਂਦੇ ਰਣਨੀਤਕ ਖੈਬਰ ਦੱਰੇ ਨੂੰ ਖਤਰਾ ਪੈਦਾ ਕਰ ਰਹੇ ਹਨ। ਕੁੱਲ ਮਿਲਾ ਕੇ ਭ੍ਰਿਸ਼ਟਾਚਾਰ, ਘਟੀਆ ਮੈਨੇਜਮੈਂਟ ਤੇ ਪਹਿਲਕਦਮੀਆਂ ਉੱਤੇ ਧਿਆਨ ਨਾ ਦੇਣ ਕਾਰਨ ਪਾਕਿਸਤਾਨ ਦੀ ਅਰਥ ਵਿਵਸਥਾ ਖੋਖਲੀ ਹੋ ਚੁੱਕੀ ਹੈ। ਸਿਰਫ ਇੱਕ ਚੀਜ਼, ਜਿਸ ਨੇ ਕੁਝ ਹੱਦ ਤੱਕ ਪਾਕਿਸਤਾਨ ਨੂੰ ਆਰਥਿਕ ਤੌਰ ਉੱਤੇ ਬਚਾਈ ਰੱਖਿਆ ਹੈ, ਉਹ ਹੈ ਘਰੇਲੂ ਅਤੇ ਵਿਦੇਸ਼ੀ ਸਰੋਤਾਂ ਤੋਂ ਲਏ ਗਏ ਉਧਾਰ, ਜਿਸ ਦਾ ਕੁਲ ਵਿਦੇਸ਼ੀ ਕਰਜ਼ਾ ਹੈਰਾਨੀ ਜਨਕ ਤੌਰ ਉੱਤੇ 111 ਅਰਬ ਡਾਲਰ ਹੈ। ਏਦਾਂ ਦੀਆਂ ਸਖ਼ਤ ਆਰਥਿਕ ਸੱਚਾਈਆਂ ਅਤੇ ਇਸਲਾਮਿਕ ਅੱਤਵਾਦ ਨਾਲ ਪੈਦਾ ਹੋਏ ਘਰੇਲੂ ਸੰਕਟਾਂ ਵਿਚਾਲੇ ਭਾਰਤ ਪ੍ਰਤੀ ਜਨਰਲ ਬਾਜਵਾ ਦੇ ਬਦਲੇ ਵਤੀਰੇ ਨੂੰ ਸਮਝਿਆ ਜਾ ਸਕਦਾ ਹੈ। ਜੇ ਪਾਕਿਸਤਾਨੀ ਜਨਰਲ ਦਾ ਅਰਥ ਵਪਾਰ ਤੋਂ ਹੈ ਤਾਂ ਉਨ੍ਹਾਂ ਨੂੰ ਕਸ਼ਮੀਰ ਨੂੰ ਸਾਹਮਣੇ ਰੱਖਦੇ ਹੋਏ ਭਾਰਤ ਪ੍ਰਤੀ ਸਾਰੀਆਂ ਨੀਤੀਆਂ ਅਤੇ ਰਣਨੀਤਕ ਢਾਂਚੇ ਦਾ ਮੁੜ ਨਿਰਮਾਣ ਕਰਨਾ ਹੋਵੇਗਾ। ਸ਼ਾਂਤੀ ਪ੍ਰਕਿਰਿਆ ਲਈ ਕੋਈ ਅੱਧਾ-ਅਧੂਰਾ ਤਰੀਕਾ ਨਹੀਂ ਚੱਲੇਗਾ।

ਸੱਚ ਹੈ ਕਿ ਪਾਕਿਸਤਾਨੀ ਫੌਜੀ ਹਾਕਮ ਆਮ ਤੌਰ ਉੱਤੇ ਭਾਰਤੀ ਭਾਵਨਾਵਾਂ ਅਤੇ ਲੋੜ ਪੈਣ ਉੱਤੇ ਇਸ ਦੇ ਮੋੜਵੇਂ ਵਾਰ ਦੀ ਸਮਰੱਥਾ ਦੀ ਸ਼ਲਾਘਾ ਕਰਨ ਵਿੱਚ ਅਸਫਲ ਰਹੇ ਹਨ। ਹਥਿਆਰਬੰਦ ਝੜਪਾਂ ਦੌਰਾਨ ਪਾਕਿਸਤਾਨ ਨੂੰ ਸਦਾ ਇੱਕ ਭਾਰੀ ਕੀਮਤ ਅਦਾ ਕਰਨੀ ਪਈ ਹੈ। ਇਹ ਇੱਕ ਇਤਿਹਾਸਕ ਤੱਥ ਹੈ। ਇੱਥੋ ਤੱਕ ਕਿ ਇਸ ਵਾਰ ਚਾਈਨਾ ਫੈਕਟਰ ਵੀ ਪਾਕਿਸਤਾਨ ਲਈ ਜ਼ਿਆਦਾ ਫਰਕ ਨਹੀਂ ਪੈਦਾ ਕਰਨ ਵਾਲਾ। ਇਸ ਲਈ ਸਵਾਲ ਇਹ ਹੈ ਕਿ ਆਪਣੀਆਂ ਸ਼ਾਂਤੀ ਕੋਸ਼ਿਸ਼ਾਂ ਬਾਰੇ ਜਨਰਲ ਬਾਜਵਾ ਕਿੰਨੇ ਗੰਭੀਰ ਹਨ? ਅਸੀਂ ਇਸ ਬਾਰੇ ਯਕੀਨੀ ਨਹੀਂ ਹੋ ਸਕਦੇ, ਜਦ ਤੱਕ ਕਿ ਪਾਕਿਸਤਾਨ ਜੰਮੂ-ਕਸ਼ਮੀਰ ਅਤੇ ਹੋਰ ਥਾਵਾਂ ਉੱਤੇ ਅੱਤਵਾਦ ਸਬੰਧੀ ਲੁਕਵੀਂ ਜੰਗ ਨਹੀਂ ਛੱਡ ਦਿੰਦਾ।

ਇਸਲਾਮਾਬਾਦ ਨੂੰ ਇਹ ਯਾਦ ਰੱਖਣਾ ਲਾਭਦਾਇਕ ਹੋ ਸਕਦਾ ਹੈ ਕਿ ਅੱਤਵਾਦ ਨੂੰ ਦਰੜਨ ਲਈ ਵਿਸ਼ਵ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਦ੍ਰਿੜ੍ਹ ਇਰਾਦੇ ਵਾਲਾ ਹੈ। ਅੱਤਵਾਦ ਦੇ ਵਧਦੇ ਖਤਰਿਆਂ ਨੂੰ ਦੇਖਦੇ ਹੋਏ ਇਸਲਾਮਿਕ ਜਗਤ ਵੀ ਆਰਾਮ ਨਾਲ ਬੈਠੇ ਰਹਿਣ ਦੀ ਸਥਿਤੀ ਵਿੱਚ ਨਹੀਂ ਹੈ। ਇਨ੍ਹਾਂ ਸਖ਼ਤ ਤੱਥਾਂ ਨੂੰ ਪਾਕਿਸਤਾਨ ਦੇ ਨੀਤੀ ਘਾੜਿਆਂ ਅਤੇ ਰਣਨੀਤੀਤਾਰਾਂ ਨੂੰ ਭਾਰਤ ਅਤੇ ਬਾਕੀ ਦੁਨੀਆ ਨਾਲ ਇਸ ਦੇ ਸਬੰਧਾਂ ਦੇ ਨਾਲ ਇੱਕ ਨਵੀਂ ਰੂਪ-ਰੇਖਾ ਉੱਤੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਰੌਸ਼ਨੀ ਵਿੱਚ ਇਸ ਨੂੰ ਲਾਜ਼ਮੀ ਤੌਰ ਉੱਤੇ ਕਸ਼ਮੀਰ ਅਤੇ ਹੋਰਨਾਂ ਥਾਵਾਂ ਉੱਤੇ ਹਥਿਆਰਬੰਦ ਘੁਸਪੈਠੀਆਂ ਨੂੰ ਭੇਜਣ ਤੋਂ ਰੋਕਣਾ ਚਾਹੀਦਾ ਹੈ।

ਕੀ ਜਨਰਲ ਬਾਜਵਾ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਪਾਕਿਸਤਾਨ ਦੀ ਪੁਰਾਣੀ ਮਾਨਸਿਕਤਾ ਤੋਂ ਬਾਹਰ ਆਉਣਗੇ? ਜਦ ਤੱਕ ਇਹ ਪ੍ਰਭਾਵ ਪੂਰਨ ਢੰਗ ਨਾਲ ਨਹੀਂ ਦਿਖਾਇਆ ਜਾਂਦਾ, ਜਨਰਲ ਬਾਜਵਾ ਦੇ ਸ਼ਾਂਤੀ ਲਈ ਪੇਸ ਕੀਤੇ ਮਾਰਗ ਬਾਰੇ ਭਾਰਤ ਯਕੀਨੀ ਨਹੀਂ ਹੋ ਸਕਦਾ। ਜੋ ਵੀ ਹੋਵੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਪਦਾ ਹੈ ਸਹੀ ਸ਼ਾਂਤੀ ਪੂਰਨ ਦਿਸ਼ਾ ਵਿੱਚ ਭਾਰਤ-ਪਾਕਿ ਸਬੰਧਾਂ ਦੇ ਵਿਕਾਸ ਲਈ ਖੁੱਲ੍ਹਾ ਮਨ ਰੱਖਦੇ ਹਨ।

ਮੈਂ ਆਸਵੰਦ ਰਹਿਣ ਨੂੰ ਪਹਿਲ ਦੇਵਾਂਗਾ। ਇਸ ਵੇਲੇ ਭਾਰਤ ਲਈ ਸਰਵਉਤਮ ਬਦਲ 'ਉਡੀਕੋ ਤੇ ਦੇਖੋ' ਦਾ ਹੋਣਾ ਚਾਹੀਦਾ ਹੈ, ਜਦੋਂ ਤੱਕ ਜਨਰਲ ਬਾਜਵਾ ਅੱਤਵਾਦ ਨੂੰ ਦਬਾਉਣ ਲਈ ਆਪਣਾ ਅਗਲਾ ਠੋਸ ਕਦਮ ਨਹੀਂ ਦਰਸਾਉਂਦੇ।

# ਦੋ ਅਰਬ ਲੋਕਾਂ ਨੂੰ ਨਹੀਂ ਮਿਲ ਰਿਹਾ ਸਾਫ ਪੀਣ ਵਾਲਾ ਪਾਣੀ

–ਯੋਗੇਸ਼ ਕੁਮਾਰ ਗੋਇਲ

ਮਹਾਰਾਸ਼ਟਰ ਹੋਵੇ ਜਾਂ ਰਾਜਸਥਾਨ, ਬਿਹਾਰ ਹੋਵੇ ਜਾਂ ਝਾਰਖੰਡ ਜਾਂ ਦੇਸ਼ ਦੀ ਰਾਜਧਾਨੀ ਦਿੱਲੀ, ਹਰ ਸਾਲ ਖਾਸ ਕਰ ਕੇ ਗਰਮੀ ਦੇ ਮੌਸਮ ਵਿੱਚ ਦੇਸ਼ ਵਿੱਚ ਥਾਂ-ਥਾਂ ਪਾਣੀ ਕਾਰਨ ਲੋਕਾਂ ਵਿੱਚ ਆਪਸ ਵਿੱਚ ਕੁੱਟ-ਮਾਰ ਜਾਂ ਝਗੜੇ-ਫਸਾਦ ਹੋਣ ਦੀਆਂ ਖ਼ਬਰਾਂ ਆਉਂਦੀਆਂ ਹਨ। ਅਜਿਹਾ ਨਹੀਂ ਕਿ ਪਾਣੀ ਘਾਟ ਬਾਰੇ ਇਹ ਸੰਕਟ ਇਕੱਲੇ ਭਾਰਤ ਦੀ ਸਮੱਸਿਆ ਹੈ, ਸਗੋਂ ਅਸਲੀਅਤ ਇਹ ਹੈ ਕਿ ਜਲ ਸੰਕਟ ਦੁਨੀਆ ਦੇ ਲੱਗਭਗ ਸਾਰੇ ਦੇਸ਼ਾਂ ਦੀ ਭਿਆਨਕ ਸਮੱਸਿਆ ਬਣ ਚੁੱਕਾ ਹੈ।

ਇਨ੍ਹਾਂ ਹਾਲਤਾਂ ਨੂੰ ਦੇਖਦੇ ਹੋਏ ਜਲ ਸੰਭਾਲ ਅਤੇ ਰੱਖ-ਰਖਾਅ ਬਾਰੇ ਦੁਨੀਆ ਭਰ ਵਿੱਚ ਲੋਕਾਂ ਵਿੱਚ ਜਗਰੂਕਤਾ ਫੈਲਾਉਣ ਲਈ ਹਰ ਸਾਲ 22 ਮਾਰਚ ਨੂੰ ਵਿਸ਼ਵ ਜਲ ਦਿਵਸ ਮਨਾਇਆ ਜਾਂਦਾ ਹੈ। ਇਹ ਦਿਵਸ ਮਨਾਉਣ ਦਾ ਐਲਾਨ ਯੂ ਐੱਨ ਓ ਨੇ ਸਾਲ 1992 ਵਿੱਚ ਰਿਓ ਦਿ ਜੈਨੇਰੀਓ ਵਿੱਚ ਹੋਏ 'ਵਾਤਾਵਰਣ ਅਤੇ ਵਿਕਾਸ ਦਾ ਯੂ ਐੱਨ ਓ ਸੰਮੇਲਨ' (ਯੂ ਐਨ ਸੀ ਈ ਡੀ) ਵਿੱਚ ਕੀਤਾ ਸੀ ਅਤੇ ਯੂ ਐੱਨ ਓ ਦੇ ਉਸ ਐਲਾਨ ਦੇ ਬਾਅਦ ਪਹਿਲਾ ਵਿਸ਼ਵ ਜਲ ਦਿਵਸ 22 ਮਾਰਚ 1993 ਨੂੰ ਮਨਾਇਆ ਗਿਆ ਸੀ। ਸਹੀ ਅਰਥਾਂ ਵਿੱਚ ਇਹ ਦਿਨ ਜਲ ਦੇ ਮਹੱਤਵ ਨੂੰ ਜਾਣਨ, ਸਮਾਂ ਰਹਿੰਦੇ ਜਲ ਸੰਭਾਲ ਬਾਰੇ ਸੁਚੇਤ ਹੋਣ ਅਤੇ ਪਾਣੀ ਬਚਾਉਣ ਦਾ ਸੰਕਲਪ ਲੈਣ ਦਾ ਦਿਨ ਹੈ। ਦਰਅਸਲ ਦੁਨੀਆ ਭਰ ਵਿੱਚ ਇਸ ਸਮੇਂ ਲੱਗਭਗ ਦੋ ਅਰਬ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਸਾਫ ਪੀਣ ਵਾਲਾ ਪਾਣੀ ਨਹੀਂ ਮਿਲਦਾ ਅਤੇ ਇਹ ਪਾਣੀ ਨਾ ਮਿਲਣ ਦੇ ਕਾਰਨ ਲੱਖਾਂ ਲੋਕ ਬੀਮਾਰ ਹੋ ਕੇ ਸਮੇਂ ਤੋਂ ਪਹਿਲਾਂ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ।

ਭਾਰਤ ਵਿੱਚ ਸਾਲ 2018 ਵਿੱਚ ਸ਼ਿਮਲਾ ਵਰਗੇ ਪਹਾੜੀ ਇਲਾਕੇ ਵਿੱਚ ਵੀ ਪਾਣੀ ਦੀ ਕਮੀ ਨਾਲ ਹਾਹਾਕਾਰ ਮਚੀ ਸੀ ਤੇ ਉਸ ਦੇ ਅਗਲੇ ਸਾਲ ਚੇਨਈ ਵਿੱਚ ਉਹੋ ਜਿਹੀ ਸਥਿਤੀ ਦੇਖੀ ਗਈ ਸੀ। ਇਹ ਮਾਮਲੇ ਜਲ ਸੰਕਟ ਡੂੰਘਾ ਹੋਣ ਦੀ ਸਮੱਸਿਆ ਬਾਰੇ ਸਾਡੀਆਂ ਅੱਖਾਂ ਖੋਲ੍ਹਣ ਲਈ ਢੁਕਵੇਂ ਸਨ, ਫਿਰ ਵੀ ਇਸ ਨਾਲ ਨਜਿੱਠਣ ਲਈ ਭਾਈਚਾਰਕ ਤੌਰ ਉੱਤੇ ਕੋਈ ਗੰਭੀਰ ਯਤਨ ਹੁੰਦੇ ਨਹੀਂ ਦਿੱਸ ਰਹੇ। ਇਹੀ ਕਾਰਨ ਹੈ ਕਿ ਭਾਰਤ ਵਿੱਚ ਬਹੁਤ ਸਾਰੇ ਸ਼ਹਿਰ ਸ਼ਿਮਲਾ ਅਤੇ ਚੇਨਈ ਵਰਗੇ ਹਾਲਾਤ ਨਾਲ ਜੂਝਣ ਦੇ ਕੰਢੇ ਉੱਤੇ ਖੜ੍ਹੇ ਹਨ।

ਹਿੰਦੀ ਅਕਾਦਮੀ ਦਿੱਲੀ ਦੇ ਆਰਥਿਕ ਸਹਿਯੋਗ ਨਾਲ ਛਪੀ ਪੁਸਤਕ 'ਪ੍ਰਦੂਸ਼ਣ ਮੁਕਤ ਸਾਂਸੇ' ਮੁਤਾਬਿਕ ਪ੍ਰਿਥਵੀ ਦਾ ਲੱਗਭਗ ਤਿੰਨ ਚੌਥਾਈ ਹਿੱਸਾ ਪਾਣੀ ਨਾਲ ਭਰਿਆ ਹੈ, ਪਰ ਧਰਤੀ ਉੱਤੇ ਮੌਜੂਦ ਪਾਣੀ ਦੇ ਵਿਸ਼ਾਲ ਸਰੋਤਾਂ ਵਿੱਚੋਂ ਸਿਰਫ਼ ਇੱਕ-ਡੇਢ ਫੀਸਦੀ ਪਾਣੀ ਅਜਿਹਾ ਹੈ, ਜਿਸ



ਦੀ ਵਰਤੋਂ ਪੀਣ ਵਾਲੇ ਪਾਣੀ ਜਾਂ ਰੋਜ਼ਾਨਾ ਕੀਤੇ ਜਾਣ ਵਾਲੇ ਕੰਮਾਂ ਲਈ ਕੀਤੀ ਜਾਣੀ ਸੰਭਵ ਹੈ। 'ਇੰਟਰਨੈਸ਼ਨਲ ਐਟਾਮਿਕ ਐਨਰਜੀ ਏਜੰਸੀ' ਦਾ ਕਹਿਣਾ ਹੈ ਕਿ ਧਰਤੀ ਉੱਤੇ ਪਾਣੀ ਦੀ ਕੁੱਲ ਮਾਤਰਾ ਵਿੱਚੋਂ ਸਿਰਫ਼ ਤਿੰਨ ਫੀਸਦੀ ਪਾਣੀ ਸਾਫ-ਸੁਥਰਾ ਬਚਿਆ ਹੈ ਅਤੇ ਉਸ ਵਿੱਚੋਂ ਲੱਗਭਗ ਦੋ ਫੀਸਦੀ ਪਾਣੀ ਦੀ ਵਰਤੋਂ ਪੀਣ ਵਾਲੇ ਪਾਣੀ, ਸਿੰਚਾਈ, ਖੇਤੀਬਾੜੀ ਅਤੇ ਉਦਯੋਗਾਂ ਲਈ ਕੀਤੀ ਜਾਂਦੀ ਹੈ। ਬਾਕੀ ਪਾਣੀ ਖਾਰਾ ਹੋਣ ਜਾਂ ਹੋਰਨਾਂ ਕਾਰਨਾਂ ਕਰ ਕੇ ਵਰਤੋਂ ਵਿੱਚ ਆਉਣ ਵਾਲਾ ਜਾਂ ਜ਼ਿੰਦਗੀ ਲਈ ਸਹੀ ਨਹੀਂ ਹੈ। ਧਰਤੀ ਉਤਲੇ ਪਾਣੀ ਦੀ ਇਸ ਇੱਕ ਫੀਸਦੀ ਵਿੱਚੋਂ ਵੀ ਲੱਗਭਗ 95 ਫੀਸਦੀ ਜ਼ਮੀਨ ਹੇਠਲੇ ਪਾਣੀ ਦੇ ਰੂਪ ਵਿੱਚ ਧਰਤੀ ਦੀਆਂ ਹੇਠਲੀਆਂ ਪਰਤਾਂ ਵਿੱਚ ਮੌਜੂਦ ਹੈ ਅਤੇ ਬਾਕੀ ਪਾਣੀ ਧਰਤੀ ਉੱਤੇ ਸਤਹੀ ਜਲ ਵਜੋਂ ਤਲਾਬਾਂ, ਝੀਲਾਂ, ਨਦੀਆਂ ਜਾਂ ਨਹਿਰਾਂ ਵਿੱਚ ਤੇ ਮਿੱਟੀ ਵਿੱਚ ਨਮੀ ਦੇ ਰੂਪ ਵਿੱਚ ਹੁੰਦਾ ਹੈ। ਸਪੱਸ਼ਟ ਹੈ ਕਿ ਪਾਣੀ ਬਾਰੇ ਸਾਡੀਆਂ ਬਹੁਤ ਜ਼ਿਆਦਾ ਲੋੜਾਂ ਦੀ ਪੂਰਤੀ ਜ਼ਮੀਨ ਹੇਠਲੇ ਪਾਣੀ ਨਾਲ ਹੁੰਦੀ ਹੈ, ਪਰ ਇਸ ਜ਼ਮੀਨ ਹੇਠਲੇ ਪਾਣੀ ਦੀ ਮਾਤਰਾ ਵੀ ਇੰਨੀ ਨਹੀਂ ਹੈ ਕਿ ਇਸ ਨਾਲ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ। ਵੈਸੇ ਵੀ ਆਬਾਦੀ ਦੀ ਰਫ਼ਤਾਰ ਤੇਜ਼ੀ ਨਾਲ ਵਧ ਰਹੀ ਹੈ ਪਰ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਵਧਣ ਦੀ ਬਜਾਏ ਘਟ ਰਿਹਾ ਹੈ, ਅਜਿਹੇ ਵਿੱਚ ਪਾਣੀ ਦੀ ਘਾਟ ਦਾ ਸੰਕਟ ਡੂੰਘਾ ਹੋਣਾ ਹੀ ਹੈ।

ਯੂ ਐੱਨ ਓ ਦੇ ਸਾਬਕਾ ਜਨਰਲ ਸੈਕਟਰੀ ਕੋਫੀ ਅੰਨਾਨ ਕੁਝ ਸਮਾਂ ਪਹਿਲਾਂ ਦੁਨੀਆ ਨੂੰ ਦੱਸ ਚੁੱਕੇ ਹਨ ਕਿ ਉਨ੍ਹਾਂ ਨੂੰ ਇਸ ਗੱਲ ਦਾ ਡਰ ਹੈ ਕਿ ਅਗਲੇ ਸਾਲਾਂ ਵਿੱਚ ਪਾਣੀ ਦੀ ਘਾਟ ਗੰਭੀਰ ਟਕਰਾਅ ਦਾ ਕਾਰਨ ਬਣ ਸਕਦੀ ਹੈ। ਜੇਕਰ ਧਰਤੀ ਉੱਤੇ ਜਲ ਸੰਕਟ ਇਸੇ ਤਰ੍ਹਾਂ ਡੂੰਘਾ ਹੁੰਦਾ ਰਿਹਾ ਤਾਂ ਇਸ ਨੂੰ ਯਕੀਨਨ ਮੰਨ ਕੇ ਚੱਲਣਾ ਹੋਵੇਗਾ ਕਿ ਪਾਣੀ ਹਾਸਲ ਕਰਨ ਲਈ ਵੱਖ-ਵੱਖ ਦੇਸ਼ਾਂ ਵਿਚਾਲੇ ਜੰਗ ਦੀ ਨੌਬਤ ਆ ਸਕਦੀ ਹੈ ਅਤੇ ਜਿਵੇਂ ਸ਼ੱਕ ਪ੍ਰਗਟਾਏ ਜਾ ਰਹੇ ਹਨ ਕਿ ਅਗਲੀ ਸੰਸਾਰ ਜੰਗ ਵੀ ਪਾਣੀ ਦੇ ਕਾਰਨ ਲੜੀ ਜਾ ਸਕਦੀ ਹੈ। ਜੇ ਜਲ ਸੰਕਟ ਵਧਦੇ ਜਾਣ ਦੀ ਸਥਿਤੀ ਵਿੱਚ ਵਾਕਈ ਅਜਿਹਾ ਕੁਝ ਹੋਇਆ ਤਾਂ ਇਸ ਦੁਨੀਆ ਦਾ ਕੀ ਹਾਲ ਹੋਵੇਗਾ, ਇਸ ਦਾ ਅੰਦਾਜ਼ਾ ਲਾਉਂਦੇ ਹੋਏ ਕਲੇਜਾ ਕੰਬ ਉਠਦਾ ਹੈ।

ਭਾਰਤ-ਪਾਕਿਸਤਾਨ ਅਤੇ ਬੰਗਾਲ ਦੇਸ਼ ਦਰਮਿਆਨ ਪਾਣੀ ਦੇ ਮੁੱਦੇ ਨੂੰ ਲੈ ਕੇ ਤਣਾਤਣੀ ਚੱਲਦੀ ਰਹੀ ਹੈ। ਇਸ ਦੇ ਇਲਾਵਾ ਉਤਰੀ ਅਫਰੀਕਾ ਦੇ ਕੁਝ ਦੇਸ਼ਾਂ ਵਿਚਾਲੇ ਵੀ ਪਾਣੀ ਕਾਰਨ ਝਗੜੇ ਹੁੰਦੇ ਰਹਿੰਦੇ ਹਨ। ਇਜ਼ਰਾਈਲ ਤੇ ਜੌਰਡਨ ਅਤੇ ਮਿਸਰ ਤੇ ਇਥੋਪੀਆ ਵਰਗੇ ਹੋਰ ਦੇਸ਼ਾਂ ਵਿਚਾਲੇ ਵੀ ਪਾਣੀ ਬਾਰੇ ਕਾਫੀ ਗਰਮਾ-ਗਰਮੀ ਦੇਖੀ ਜਾਂਦੀ ਰਹੀ ਹੈ। ਖੈਰ ਦੂਸਰੇ ਦੇਸ਼ਾਂ ਦੀ ਗੱਲ ਛੱਡੋ, ਆਪਣੇ ਹੀ ਦੇਸ਼ ਵਿੱਚ ਵੱਖ-ਵੱਖ ਸੂਬਿਆਂ ਵਿਚਾਲੇ ਪਾਣੀ ਦੀ ਵੰਡ ਦੇ ਸਵਾਲ ਉੱਤੇ ਪਿਛਲੇ ਕੁਝ ਦਹਾਕਿਆਂ ਤੋਂ ਬਹੁਤ ਡੂੰਘੇ ਮਤਭੇਦ ਕਾਇਮ ਹਨ ਅਤੇ ਇਸੇ ਕਾਰਨ ਰਾਜਾਂ ਦੇ ਆਪਸੀ ਸਬੰਧਾਂ ਵਿੱਚ ਕਾਫੀ ਖਟਾਸ ਪੈਦਾ ਹੋ ਚੁੱਕੀ ਹੈ ਅਤੇ ਵਰਤਮਾਨ ਵਿੱਚ ਵੀ ਪਾਣੀਆਂ ਦੀ ਵੰਡ ਦਾ ਮਾਮਲਾ ਲਗਾਤਾਰ ਅੱਧ-ਵਿਚਾਲੇ ਲਟਕਿਆ ਰਹਿਣ ਨਾਲ ਕੁਝ ਸੂਬਿਆਂ ਵਿੱਚ ਜਲ ਸੰਕਟ ਦੀ ਸਥਿਤੀ ਕਾਫੀ ਗੰਭੀਰ ਬਣੀ ਹੋਈ ਹੈ।

ਦੇਸ਼ ਵਿੱਚ ਜਲ ਸੰਕਟ ਦੇ ਭਿਆਨਕ ਰੂਪ ਧਾਰਨ ਕਰ ਜਾਣ ਪਿੱਛੇ ਆਬਾਦੀ ਦੇ ਧਮਾਕੇ ਦੀ ਸਮੱਸਿਆ ਦੇ ਨਾਲ-ਨਾਲ ਪਾਣੀ ਦੀ ਉਪਲੱਬਧਤਾ ਵਿੱਚ ਹੁੰਦੀ ਜਾ ਰਹੀ ਘਾਟ ਤਾਂ ਜ਼ਿੰਮੇਵਾਰ ਹੈ ਹੀ, ਇਸ ਦੇ ਇਲਾਵਾ ਪਾਣੀ ਦੀ ਦੁਰਵਰਤੋਂ, ਘਟੀਆ ਪ੍ਰਬੰਧ ਤੇ ਦੂਸ਼ਿਤ ਹੁੰਦਾ ਪੀਣ ਵਾਲਾ ਪਾਣੀ ਆਦਿ ਹੋਰ ਵੀ ਕਈ ਅਜਿਹੇ ਕਾਰਨ ਹਨ, ਜੋ ਸਮੱਸਿਆ ਲਈ ਪ੍ਰਮੁੱਖ ਤੌਰ ਉੱਤੇ ਜ਼ਿੰਮੇਵਾਰ ਹਨ। ਜੇ ਅਸੀਂ ਵਾਕਿਆ ਜਲ ਸੰਕਟ ਦਾ ਹੱਲ ਚਾਹੁੰਦੇ ਹਾਂ ਤਾਂ ਸਮਾਂ ਰਹਿੰਦੇ ਸਮਝਣਾ ਹੋਵੇਗਾ ਕਿ ਪਾਣੀ ਕੁਦਰਤ ਦੀ ਅਨਮੋਲ ਦੇਣ ਹੈ ਤੇ ਅਸੀਂ ਖੁਦ ਪਾਣੀ ਨਹੀਂ ਬਣਾ ਸਕਦੇ। ਇਸ ਲਈ ਅਸੀਂ ਇਹ ਸਮਝ ਲਈਏ ਕਿ ਅਸੀਂ ਕੁਦਰਤ ਦੇ ਖਜ਼ਾਨੇ ਤੋਂ ਜਿੰਨਾ ਪਾਣੀ ਲੈਂਦੇ ਹਾਂ, ਉਹ ਅਸੀਂ ਉਸ ਨੂੰ ਵਾਪਸ ਮੋੜਨਾ ਵੀ ਹੈ ਅਤੇ ਇਸ ਦੇ ਲਈ ਸਭ ਤੋਂ ਜ਼ਰੂਰੀ ਹੈ ਕਿ ਅਸੀਂ ਕੁਦਰਤੀ ਸੋਮਿਆਂ ਨੂੰ ਦੂਸ਼ਿਤ ਹੋਣ ਤੋਂ ਬਚਾਈਏ, ਮੀਂਹ ਦੇ ਪਾਣੀ ਦੀ ਸੰਭਾਲ ਕਰੀਏ ਅਤੇ ਧਰਤੀ ਵਿੱਚੋਂ ਪਾਣੀ ਦੀ ਬੇਲੋੜੀ ਖਿਚਾਈ ਨਾ ਕਰੀਏ।

# ਬਜਟ ਸੈਸ਼ਨ, ਸਿਆਸਤ ਤੇ ਲੋਕ ਸਰੋਕਾਰ

-ਗੁਰਮੀਤ ਸਿੰਘ ਪਲਾਹੀ-

ਪੰਜਾਬ ਵਿਧਾਨ ਸਭਾ ਦਾ ਸੈਸ਼ਨ ਵੱਡਾ ਰੱਖਣ ਲਈ ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਦਲੀਲ ਧਿਆਨ ਕਰਨ ਯੋਗ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਸਰਕਾਰੀ ਮਸ਼ੀਨਰੀ ਅਚਾਨਕ ਹਰਕਤ ਵਿੱਚ ਆ ਜਾਂਦੀ ਹੈ। ਵਿਧਾਇਕਾਂ ਦੇ ਸਵਾਲ ਜਦੋਂ ਸਦਨ ਵਿੱਚ ਲੱਗਦੇ ਹਨ ਤਾਂ ਹੇਠਾਂ ਅਫਸਰ ਉਹ ਕੰਮ ਫਟਾਫਟ ਕਰਵਾ ਦਿੰਦੇ ਹਨ ਜਾਂ ਕੰਮਾਂ ਦੇ ਟੈਂਡਰ ਲੱਗ ਜਾਂਦੇ ਹਨ। ਅਫਸਰਾਂ ਉੱਤੇ ਕਿੱਡਾ ਵੱਡਾ ਵਿਅੰਗ ਹੈ ਇਹ! ਇਹ ਬਿਆਨ ਅਸਲ ਅਰਥਾਂ ਵਿੱਚ ਪੰਜਾਬ ਦੀ ਅਫਸਰਾਂ ਦੇ ਸਰਕਾਰੀ ਕੰਮਾਂ ਦੇ ਤੌਰ ਤਰੀਕੇ ਦੀ ਬਾਤ ਪਾਉਂਦਾ ਹੈ ਅਤੇ ਸਿਆਸਤੀ ਆਗੂਆਂ ਖਾਸ ਕਰ ਕੇ ਹਾਕਮ ਧਿਰ ਦੀ ਬੇਵਸੀ ਵੀ ਪ੍ਰਗਟ ਕਰਦਾ ਹੈ।

ਪੰਜਾਬ ਵਿੱਚ ਮਾਹੌਲ ਕੁਝ ਏਦਾਂ ਦਾ ਬਣ ਚੁੱਕਾ ਹੈ ਕਿ ਅਫਸਰਸ਼ਾਹੀ ਬੇਲਗਾਮ ਹੈ। ਬਾਬੂ ਸ਼ਾਹੀ ਆਪਣੇ ਢੰਗ ਨਾਲ ਕੰਮ ਕਰਦੀ ਹੈ। ਜੇ ਚਾਹੁੰਦੀ ਹੈ ਤਾਂ ਨਾ ਹੋਣ ਵਾਲੇ ਕੰਮ ਵੀ ਮਿੰਟਾਂ ਦੀ ਫੁਰਤੀ ਵਿੱਚ ਕਰ ਦੇਂਦੀ ਹੈ ਅਤੇ ਜੇ ਨਹੀਂ ਚਾਹੰਦੀ ਤਾਂ ਹੋਣ ਵਾਲੇ ਕਮ ਵੀ ਗਧੀ-ਗੇੜ ਵਿੱਚ ਪਾ ਰੱਖਦੀ ਹੈ। ਕਿਹਾ ਇਹ ਜਾਂਦਾ ਹੈ ਕਿ ਦਫਤਰੀ ਕੰਮ ਜਲਦੀ ਨਿਪਟਾਉਣਾ ਹੈ ਤਾਂ ਸਰਕਾਰੇ-ਦਰਬਾਰੇ ਬਣਦਾ 'ਚੰਦਾ' ਦਿਓ ਤੇ ਘਰ ਬੈਠਿਆਂ ਕੀਤਾ-ਕਰਾਇਆ ਕੰਮ ਪ੍ਰਾਪਤ ਕਰੋ। ਉਹ ਚੁਣੇ ਹੋਏ ਲੋਕ ਨੁਮਾਇੰਦੇ, ਜਿਹੜੇ ਚਾਹੁੰਦੇ ਹਨ ਕਿ ਆਪਣੇ ਮਨ ਦੀ ਗੱਲ, ਲੋਕ ਤਕਲੀਫਾਂ ਦੀ ਗੱਲ, ਵੱਡੀ ਸਰਕਾਰ ਤੱਕ ਪੁੱਜਦੀ ਕਰਨ, ਉਡੀਕਦੇ ਹਨ ਕਿ ਕਦੋਂ ਵਿਧਾਨ ਸਭਾ ਸੈਸ਼ਨ ਚੱਲੇ ਤਾਂ ਆਪਣੇ ਮਨ ਦਾ ਉਬਾਲ ਕੱਢਣ, ਪਰ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਬਜਟ ਸੈਸ਼ਨ ਹਾਕਮ ਧਿਰ ਵੱਲੋਂ ਇਹ ਕਹਿ ਕੇ ਛੋਟਾ ਕਰ ਦਿੱਤਾ ਜਾਂਦਾ ਹੈ ਕਿ ਬਿਜ਼ਨਸ (ਕੰਮਕਾਰ) ਨਹੀਂ ਹੈ। ਕਾਂਗਰਸ ਸਰਕਾਰ ਦੇ ਆਖਰੀ ਸਾਲ ਦਾ ਬੱਜਟ ਅੱਠ ਬੈਠਕਾਂ ਕਰ ਕੇ ਖਤਮ ਹੋ ਗਿਆ। ਬਜਟ ਤਾਂ ਪਾਸ ਹੋਣਾ ਸੀ, ਪਰ ਇਸ ਸੈਸ਼ਨ ਵਿੱਚ ਬਹੁਤ ਗੰਭੀਰ ਮੁੱਦਿਆਂ ਉੱਤੇ ਬਹਿਸ ਨਹੀਂ ਹੋਈ, ਭਾਵੇਂ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗਣ ਬਾਰੇ ਸਾਰਥਕ ਚਰਚਾ ਹੋਈ। ਪੂਰੇ ਦੇਸ਼ ਵਿੱਚ ਤਿੰਨ ਨਵੇਂ ਖੇਤੀ ਕਾਨੂੰਨਾਂ ਬਾਰੇ ਜਨ ਅੰਦੋਲਨ ਚੱਲ ਰਿਹਾ ਹੈ। ਲੋੜ ਇਸ ਗੱਲ ਦੀ ਸੀ ਕਿ 'ਪੰਜਾਬ ਕਿਸਾਨ ਕਮਿਸ਼ਨ' ਨੇ ਦੋ ਸਾਲ ਪਹਿਲਾਂ ਜਿਹੜੀ ਖੇਤੀ ਨੀਤੀ ਬਣਾ ਕੇ ਰਿਪੋਰਟ ਸਰਕਾਰ ਨੂੰ ਦਿੱਤੀ ਸੀ, ਉਸ ਦੀ ਬਹਿਸ ਹੁੰਦੀ। ਵਿਧਾਨ ਸਭਾ ਦੇ ਛੇ ਸੈਸ਼ਨ ਲੰਘਣ ਉੱਤੇ ਵੀ ਇਸ ਉੱਤੇ ਸਦਨ ਵਿੱਚ ਚਰਚਾ ਨਾ ਕਰਨਾ ਸਰਕਾਰ ਦੀ ਖੇਤੀ, ਕਿਸਾਨਾਂ ਤੇ ਖੇਤ ਮਜ਼ਦੂਰਾਂ ਪ੍ਰਤੀ ਗੈਰ ਸੰਜੀਦਗੀ ਦੱਸਦਾ ਹੈ। ਕੀ ਇਹ ਅਫਸਰਾਂ ਦਾ ਦਬਾਅ ਹੈ ਜਾਂ ਲਾਪਰਵਾਹੀ?

ਪੰਜਾਬ ਦੇ ਕਿਸਾਨ ਨਿੱਤ ਖੁਦਕੁਸ਼ੀਆਂ ਕਰਦੇ ਹਨ। ਵਿਧਾਨ ਸਭਾ ਕਮੇਟੀ ਨੇ ਖੁਦਕੁਸ਼ੀਆਂ ਬਾਰੇ ਇੱਕ ਰਿਪੋਰਟ ਤਿਆਰ ਕੀਤੀ ਸੀ, ਪਰ ਇਸ ਉੱਤੇ ਬਹਿਸ ਨਹੀਂ ਹੋਈ। ਕਾਂਗਰਸ ਦੇ ਵਿਧਾਇਕਾਂ ਦੀ ਵੱਡੀ ਮੰਗ ਸੀ ਕਿ ਵਿਧਾਨ ਸਭਾ ਦੀਆਂ ਸਾਲ ਵਿੱਚ 25 ਬੈਠਕਾਂ ਹੋਣ। ਬਜਟ ਸੈਸ਼ਨ ਦੌਰਾਨ ਜਿਹੜੇ ਬਿੱਲ ਪਾਸ ਹੋਣ ਲਈ ਅਸੈਂਬਲੀ ਵਿੱਚ ਲਿਆਂਦੇ ਗਏ, ਉਹ ਮੈਂਬਰਾਂ ਨੂੰ ਐਡਵਾਂਸ ਵਿੱਚ ਦਿੱਤੇ ਗਏ ਸਨ। ਵੇਖਣ ਵਿੱਚ ਆਇਆ ਕਿ ਆਮ ਆਦਮੀ ਪਾਰਟੀ ਦੇ ਕੁਝ ਮੈਂਬਰਾਂ ਨੇ ਇਨ੍ਹਾਂ ਦੀ ਚੰਗੀ ਤਿਆਰੀ ਕੀਤੀ ਹੋਈ ਸੀ, ਪਰ ਅਸੈਂਬਲੀ ਸੈਸ਼ਨਾਂ ਦੇ ਬਾਈਕਾਟ, ਨਾਅਰੇਬਾਜ਼ੀ, ਮੈਂਬਰਾਂ ਵੱਲੋਂ ਹੋ-ਹੱਲਾ ਕੀਤੇ ਜਾਣ ਨਾਲ ਅਹਿਮ ਮੁੱਦਿਆਂ ਨੂੰ ਚੁੱਕ ਕੇ ਸਰਕਾਰ ਨੂੰ ਘੇਰਨ ਲਈ ਜੋ ਪ੍ਰਾਪਤੀ ਹੋਣੀ ਚਾਹੀਦੀ ਸੀ, ਉਹ ਨਹੀਂ ਹੋ ਸਕੀ। ਗਵਰਨਰ ਵੱਲੋਂ ਭਾਸ਼ਣ ਅੰਗਰੇਜ਼ੀ ਵਿੱਚ ਕਰਨ ਦਾ ਵਿਰੋਧ ਹੋਇਆ। ਇਹ ਵਿਰੋਧ ਚਾਹੀਦਾ ਸੀ, ਕਿਉਂਕਿ ਪੰਜਾਬੀ ਬੋਲੀ ਉੱਤੇ ਆਧਾਰਤ ਪੰਜਾਬੀ ਸੂਬੇ ਦੀ ਸਰਕਾਰੀ ਭਾਸ਼ਾ ਪੰਜਾਬੀ ਹੈ। ਸਿਰਫ ਸੈਸ਼ਨ ਦਾ ਬਾਈਕਾਟ ਕਰ ਕੇ ਇਸ ਅਹਿਮ ਮਸਲੇ ਨੂੰ ਵਿਰੋਧੀ ਧਿਰ ਵੱਲੋਂ ਅੱਖੋਂ-ਪਰੋਖੇ ਕਰਨਾ ਖਟਕਦਾ ਹੈ। ਚਾਹੀਦਾ ਇਹ ਸੀ ਕਿ ਧਿਆਨ ਖਿੱਚੂ ਮਤਾ ਇਸ ਅਹਿਮ ਮੁੱਦੇ ਉੱਤੇ ਲਿਆਂਦਾ ਜਾਂਦਾ। ਚਾਹੀਦਾ ਇਹ ਵੀ ਸੀ ਕਿ ਵਿਰੋਧੀ ਜਾਂ ਹਾਕਮ ਧਿਰ ਦੇ ਵਿਧਾਇਕ ਪੰਜਾਬ ਦੀਆਂ ਟੁੱਟੀਆਂ ਲਿੰਕ ਸੜਕਾਂ ਦੀ ਗੱਲ ਕਰਦੇ, ਸਰਕਾਰੀ ਦਫਤਰਾਂ ਵਿੱਚ ਵਧਦੇ ਭ੍ਰਿਸ਼ਟਾਚਾਰ ਜਾਂ ਰੇਤ ਮਾਫੀਆ ਬਾਰੇ ਸਿਫਰ ਕਾਲ ਵਿੱਚ ਪ੍ਰਸ਼ਨ ਉਠਾਉਂਦੇ। ਬਾਵਜੂਦ ਛੋਟੀਆਂ ਬੈਠਕਾਂ ਦੇ ਸਪੀਕਰ ਨੇ ਵਿਰੋਧੀਆਂ ਨੂੰ ਇਸ ਸਮੇਂ ਦੀ ਵਰਤੋਂ ਦਾ ਮੌਕਾ ਦਿੱਤਾ, ਪਰ ਅਕਾਲੀ ਮੈਂਬਰ ਸਿਫਰ ਕਾਲ ਦੌਰਾਨ ਵੀ ਨਾਅਰੇਬਾਜ਼ੀ ਕਰ ਕੇ ਆਪਣਾ ਸਮਾਂ ਗੁਆਉਂਦੇ ਰਹੇ। ਸਿੱਟੇ ਵਜੋਂ ਸਪੀਕਰ ਨੇ ਉਨ੍ਹਾਂ ਨੂੰ ਬਾਕੀ ਰਹਿੰਦੇ ਸੈਸ਼ਨ ਲਈ ਸਸਪੈਂਡ ਕਰ ਦਿੱਤਾ। ਆਖਰੀ ਦਿਨ ਉਨ੍ਹਾਂ ਦੀ ਸਸਪੈਂਸ਼ਨ ਰੱਦ ਕਰ ਦਿੱਤੀ।

ਬਜਟ ਸੈਸ਼ਨ ਦੌਰਾਨ ਤਿੰਨ ਖੇਤੀ ਸੋਧ ਕਾਨੂੰਨ ਬਿੱਲ ਦਾ ਮੁੜ ਪਾਸ ਕਰਵਾਉਣਾ, ਈ ਡੀ ਵੱਲੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ 'ਮਨੀ ਲਾਂਡਰਿੰਗ ਬਾਰੇ ਇਜਲਾਸ ਦੌਰਾਨ ਛਾਪੇ ਮਾਰਨ ਦੇ ਵਿਰੋਧ ਦਾ ਮਤਾ ਪਾਸ ਕਰਾਉਣਾ, ਜਿਸ ਵਿੱਚ ਲਗਭਗ ਸਮੁੱਚੀ ਵਿਰੋਧੀ ਧਿਰ ਨੇ ਸਹਿਯੋਗ ਦਿੱਤਾ, ਇਸ ਸੈਸ਼ਨ ਦੀ ਪ੍ਰਾਪਤੀ ਗਿਣੀ ਗਈ ਹੈ। ਸੈਸ਼ਨ ਦੌਰਾਨ ਅੱਠ ਬਿੱਲ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਅਮਿਟੀ ਯੂਨੀਵਰਸਿਟੀ ਪੰਜਾਬ ਬਿੱਲ 2021, ਇੰਡੀਅਨ ਪਾਰਟਨਰਸ਼ਿਪ (ਪੰਜਾਬ ਸੋਧ) ਬਿੱਲ 2021 ਅਤੇ ਦਿ ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਪ੍ਰਮੋਸ਼ਨ (ਸੋਧ) ਬਿੱਲ 2021 ਸ਼ਾਮਲ ਹਨ। ਦਿ ਪ੍ਰਿਜ਼ਨਜ਼ (ਪੰਜਾਬ ਸੋਧ) ਬਿੱਲ 2021 ਅਤੇ ਪੰਜਾਬ ਕੋਆਪਰੇਟਿਵ ਸੁਸਾਇਟੀਜ਼ (ਸੋਧ) ਬਿੱਲਾਂ ਤੋਂ ਬਿਨਾਂ ਫਿਸਕਲ ਰਿਸਪੌਂਸੀਬਿਲਟੀ ਅਤੇ ਬਜਟ ਮੈਨੇਜਮੈਂਟ (ਸੋਧ) ਬਿੱਲ 2021 ਅਤੇ ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ ਟੀਚਰਜ਼ ਇਨ ਡਿਸਐਡਵਾਂਟੇਜ ਆਊਟ ਏਰੀਆ) ਬਿੱਲ 2021 ਵੀ ਇਸ ਸੈਸ਼ਨ ਵਿੱਚ ਪਾਸ ਹੋਏ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਬਿੱਲਾਂ ਉੱਤੇ ਕੋਈ ਖਾਸ ਚਰਚਾ ਨਹੀਂ ਹੋਈ। ਜਿਵੇਂ ਹੀ ਵਿਭਾਗਾਂ ਵੱਲੋਂ ਬਿੱਲ ਆਏ, ਪੇਸ਼ ਹੋਏ ਅਤੇ ਪਾਸ ਹੋ ਗਏ।

ਮੈਂਬਰਾਂ ਨੂੰ ਲਗਭਗ ਪਹਿਲੀ ਵਾਰ ਇਹ ਬਿੱਲ ਅਗਾਊਂ ਪੜ੍ਹਨ ਲਈ ਦਿੱਤੇ ਸਨ। ਅਸਲ ਵਿੱਚ ਸਰਕਾਰ, ਵਿਰੋਧੀ ਧਿਰ ਦੀ ਨਾਅਰੇਬਾਜ਼ੀ ਦਾ ਫਾਇਦਾ ਲੈ ਕੇ ਇਹ ਬਿੱਲ ਰੌਲੇ ਰੱਪੇ ਵਿੱਚ ਪਾਸ ਕਰਵਾ ਗਈ। ਉਂਝ ਵੀ ਸਰਕਾਰ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਵਿਧਾਨ ਸਭਾ ਸੈਸ਼ਨ ਛੋਟਾ ਹੋਵੇ ਅਤੇ ਬਿੱਲਾਂ ਨੂੰ ਚੋਰ-ਮੋਰੀ ਰਾਹੀਂ ਜਾਂ ਰੌਲੇ ਰੱਪੇ ਵਿੱਚ ਕਾਨੂੰਨ ਬਣਵਾ ਲਿਆ ਜਾਏ। ਇਹ ਸੈਸ਼ਨ ਬਹੁਤ ਮਹੱਤਵ ਪੂਰਨ ਸੀ। ਇਹ ਕਾਂਗਰਸ ਸਰਕਾਰ ਦਾ ਸੂਬੇ ਦੇ ਲੋਕਾਂ ਉੱਤੇ ਰਾਜ ਕਰਨ ਦਾ ਪੰਜਵਾਂ ਵਰ੍ਹਾ ਹੈ। ਇਸ ਨੂੰ ਚੋਣ ਵਰ੍ਹਾ ਕਹਿ ਸਕਦੇ ਹਾਂ। ਕਾਂਗਰਸ ਸਰਕਾਰ ਵੱਲੋਂ ਸਭਨਾਂ ਨੂੰ ਖੁਸ਼ ਕਰਨ ਵਾਲਾ ਬਜਟ ਪੇਸ਼ ਕੀਤਾ ਗਿਆ। ਭਲਾਈ ਸਕੀਮਾਂ ਵਿੱਚ ਸਹੂਲਤਾਂ ਵਧਾ ਦਿੱਤੀਆਂ ਅਤੇ ਮੁਲਾਜ਼ਮਾਂ ਲਈ ਪੇ-ਕਮਿਸ਼ਨ ਮਨਜ਼ੂਰ ਕਰ ਦਿੱਤਾ। ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਲਈ ਰਕਮ ਰਾਖਵੀਂ ਕਰ ਦਿੱਤੀ। ਇਸ ਖੁੱਲ੍ਹ ਦਿਲੇ ਬਜਟ ਨੂੰ ਵਿਰੋਧੀ ਧਿਰ ਨੇ ਲੋਕਾਂ ਨਾਲ ਧੋਖਾ ਕਹਿਣਾ ਹੀ ਸੀ, ਉਸ ਨੇ ਬਜਟ ਨੂੰ ਪੂਰੀ ਤਰ੍ਹਾਂ ਭੰਡਿਆ ਵੀ, ਅਸੈਂਬਲੀ ਨੂੰ ਘੇਰਿਆ ਵੀ, ਗੱਡੀਆਂ ਉੱਤੇ ਚੜ੍ਹ ਕੇ ਅਕਾਲੀਆਂ ਨੇ ਵੱਧ ਰਹੀ ਮਹਿੰਗਾਈ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ, ਪਰ ਪੰਜਾਬ ਦੀ ਸਾਰੀ ਵਿਰੋਧੀ ਧਿਰ ਇਸ ਗੱਲ ਵਿੱਚ ਸਰਕਾਰ ਨੂੰ ਘੇਰਨ ਤੋਂ ਅਸਫਲ ਰਹੀ ਕਿ ਪੰਜਾਬ ਵਿੱਚ ਵੈਟ ਦੀ ਦਰ ਪੈਟਰੋਲੀਅਮ ਪਦਾਰਥਾਂ (ਡੀਜ਼ਲ, ਪੈਟਰੋਲ ਆਦਿ) ਉਤੇ ਇੱਥੋਂ ਤੱਕ ਕਿ ਬਾਕੀ ਰਾਜਾਂ ਤੋਂ ਵੀ ਵੱਧ ਹੈ। ਪੰਜਾਬ ਵਿੱਚ ਦੂਜੇ ਗੁਆਂਢੀ ਰਾਜਾਂ ਨਾਲੋਂ ਵਾਧੂ ਟੈਕਸ ਲੈਣ ਕਾਰਨ ਤੇਲ ਦੀਆਂ ਕੀਮਤਾਂ ਵੱਧ ਹਨ। ਜੇ ਟੈਕਸਾਂ ਦੀ ਦਰ ਘਟਾਈ ਤਾਂ ਲੋਕਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ।

ਪੰਜਾਬ ਦੀ ਖੁਰਦੀ ਜਾਂਦੀ ਆਰਥਿਕਤਾ ਅੱਜ ਵੱਡਾ ਮਸਲਾ ਹੈ। ਸੂਬੇ ਦਾ ਪ੍ਰਕਾਸ਼ਕੀ ਖਰਚਾ (ਜਿਸ ਵਿੱਚ ਮੁਲਾਜ਼ਮਾਂ, ਪੈਨਸ਼ਨਰਾਂ ਦੀਆਂ ਤਨਖਾਹਾਂ, ਭੱਤੇ ਸ਼ਾਮਲ ਹਨ) ਵਧਣ ਨਾਲ ਨਿੱਤ ਭਾਰੀ ਹੋ ਰਹੀ ਕਰਜ਼ੇ ਦੀ ਪੰਡ ਦਾ ਵਿਆਜ ਚੁਕਾਉਣ ਅਤੇ ਵੋਟਾਂ ਬਟੋਰਨ ਲਈ ਚਾਲੂ ਕੀਤੀਆਂ ਵੱਡੀਆਂ ਭਲਾਈ ਸਕੀਮਾਂ ਲਾਗੂ ਕਰਨ ਨਾਲ ਖਰਚਾ ਨਿੱਤ ਵਧ ਰਿਹਾ ਹੈ। ਅੰਤ ਵਿੱਚ ਸੂਬੇ ਦੇ ਵਿਕਾਸ ਲਈ ਧਨ ਨਾਮਾਤਰ ਬਚਦਾ ਹੈ। ਬੇਰੁਜ਼ਗਾਰਾਂ ਦੀ ਵਧਦੀ ਫੌਜ ਲਈ ਸਰਕਾਰ ਕੋਲ ਨੌਕਰੀਆਂ ਨਹੀਂ ਹਨ। ਮਹਿੰਗਾਈ ਰੋਕਣ ਲਈ ਵੱਡੇ ਸਾਧਨ ਨਹੀਂ ਹਨ। ਇਹ ਮਸਲੇ ਵਿਧਾਨ ਸਭਾ ਵਿੱਚ ਵਿਚਾਰਨ ਵਾਲੇ ਸਨ ਕਿ ਕਿਵੇਂ ਪੰਜਾਬ ਦੇ ਨੌਜਵਾਨ ਜਾਂ ਲੋਕ ਪਰਵਾਸ ਤੋਂ ਪ੍ਰਹੇਜ਼ ਕਰਨ? ਬੇਰੁਜ਼ਗਾਰ ਨੂੰ ਕਿਵੇਂ ਨੱਥ ਪਵੇ? ਪੰਜਾਬ ਦੀ ਘਾਟੇ ਵਾਲੀ ਖੇਤੀ ਮੁੜ ਲੀਹ ਉੱਤੇ ਕਿਵੇਂ ਪਵੇ? ਖੇਤ, ਮਜ਼ਦੂਰਾਂ, ਕਾਮਿਆਂ ਦੇ ਆਮਦਨ ਦੇ ਸਾਧਨ ਕਿਵੇਂ ਵਧਣ? ਕਿਵੇਂ ਸੂਬੇ ਦਾ ਪ੍ਰਸ਼ਾਸਕੀ ਢਾਂਚਾ ਸੁਧਰੇ? ਕਿਵੇਂ ਕੇਂਦਰ ਉੱਤੇ ਦਬਾਅ ਪਵੇ ਕਿ ਨਵੇਂ ਖੇਤੀ ਕਾਨੂੰਨ ਵਾਪਸ ਹੋਣ ਤੇ ਕਿਸਾਨ ਘਰੀਂ ਵਾਪਸ ਜਾਣ? ਪਰ ਵਿਧਾਨ ਸਭਾ ਦੇ ਇਸ ਸੈਸ਼ਨ ਵਿੱਚ ਪਹਿਲ 2022 ਦਾ ਚੋਣ ਯੁੱਧ ਸੀ, ਜਿਸ ਕਾਰਨ ਨੇਤਾ ਦੂਸ਼ਣਬਾਜ਼ੀ ਕਰਦੇ ਰਹੇ। ਲੋਕ ਪੁੱਛਦੇ ਹਨ ਕੀ ਇਹੋ ਹਨ ਪੰਜਾਬ ਦੇ ਲੋਕਾਂ ਦੇ ਸਰੋਕਾਰਾਂ ਦੇ ਰਖਵਾਲੇ? ਕੀ ਇਹੋ ਹਨ ਬਦਹਾਲ ਪੰਜਾਬ ਨੂੰ ਖੁਸ਼ਹਾਲ ਪੰਜਾਬ ਵਿੱਚ ਬਦਲਣ ਵਾਲੇ ਯੋਧੇ?

# ਮੰਤਰੀ ਦੇ ਰਿਸ਼ਤੇਦਾਰ ਦੀ ਮਾਰ

ਅਦਾਲਤੀ ਕੇਸਾਂ ਵਾਸਤੇ ਕਲਾਈਂਟ ਵਕੀਲਾਂ ਤੋਂ ਬਹੁਤ ਜ਼ਿਆਦਾ ਉਮੀਦਾਂ ਰੱਖਦੇ ਹਨ। ਮੁਦੱਈ ਹਰ ਪੇਸ਼ੀ ਮੌਕੇ ਹੀ ਪੁੱਛਣ ਲੱਗਦੇ ਹਨ ਕਿ ਆਪਾਂ ਕੇਸ ਜਿੱਤ ਜਾਵਾਂਗੇ ਜਾਂ ਨਹੀਂ। ਜਿਤ ਦੀ ਉਮੀਦ ਸਹਾਰੇ ਹੀ ਕਚਹਿਰੀ ਅਹਾਤੇ ਵਿੱਚ ਗੇੜੇ ਮਾਰਦੇ ਹਨ। ਕਚਹਿਰੀ ਗੇਟ ਵੜਦੇ ਇਨਸਾਫ ਦੀ ਆਸ ਲੈ ਕੇ ਹਨ, ਪਰ ਕਈ ਵਾਰ ਚਾਹ ਕੇ ਵੀ ਇਨਸਾਫ ਦਿਵਾਉਣਾ ਮੁਸ਼ਕਲ ਹੋ ਜਾਂਦਾ ਹੈ। ਕਈ ਵਾਰ ਲੋਕਾਂ ਦੀ ਮਾਨਸਿਕਤਾ ਮੁਕੱਦਮੇਬਾਜ਼ੀ ਵਾਲੀ ਬਣ ਜਾਂਦੀ ਹੈ ਤੇ ਕਾਨੂੰਨੀ ਸਥਿਤੀ ਮਾੜੀ ਹੋਣ ਦੇ ਬਾਵਜੂਦ ਸਾਇਲ ਵਿਰੋਧੀ ਨੂੰ ਡਰਾਉਣ ਜਾਂ ਨਿਰਾਸ਼ ਕਰਨ ਲਈ ਮੁਕੱਦਮੇ ਦਾਇਰ ਕਰ ਦਿੰਦੇ ਹਨ। ਕਈ ਵਾਰ ਸਾਇਲ ਵਕੀਲਾਂ ਪਾਸੋਂ ਵੀ ਆਸ ਤੋਂ ਵੱਧ ਆਸਾਂ ਲਾ ਬੈਠਦੇ ਹਨ। ਵਕੀਲ ਵੀ ਸਮਾਜ ਦਾ ਹਿੱਸਾ ਹਨ। ਗਵਾਹੀ ਮੁਕੰਮਲ ਹੋਣ ਤੋਂ ਬਾਅਦ ਕਈ ਵਾਰ ਵਧੀਆ ਦਿੱਸਣ ਵਾਲਾ ਕੇਸ ਉਲਟਾ ਘੁੰਮ ਜਾਂਦਾ ਹੈ ਤੇ ਕਈ ਵਾਰ ਮਾੜੀ ਸਥਿਤੀ ਵਾਲਾ ਕੇਸ ਮਜ਼ਬੂਤ ਬਣ ਜਾਂਦਾ ਹੈ। ਕਾਨੂੰਨ ਦੀ ਇੱਕ ਧਾਰਨਾ ਹੈ ਕਿ ਅਦਾਲਤ ਨੇ ਇਨਸਾਫ ਕਰਨਾ ਹੀ ਨਹੀਂ, ਸਗੋਂ ਇਨਸਾਫ ਹੁੰਦਾ ਲੋਕਾਂ ਨੂੰ ਨਜ਼ਰ ਵੀ ਆਉਣਾ ਚਾਹੀਦਾ ਹੈ, ਤਾਂ ਹੀ ਅਦਾਲਤਾਂ ਵਿੱਚ ਆਮ ਲੋਕਾਂ ਦਾ ਵਿਸ਼ਵਾਸ ਕਾਇਮ ਰਹੇਗਾ।

ਕਾਫੀ ਅਰਸਾ ਪਹਿਲਾਂ ਮੇਰੇ ਪਾਸ ਇੱਕ ਮੁਕੱਦਮਾ ਪੈਟਰੋਲੀਅਮ ਐਕਟ ਤੇ ਹੋਰ ਅਪਰਾਧਕ ਧਾਰਾਵਾਂ ਤਹਿਤ ਦਰਜ ਹੋ ਕੇ ਬਚਾਅ ਪੱਖ ਦੀ ਪੈਰਵੀ ਲਈ ਆਇਆ। ਪੁਲਸ ਦੇ ਲਾਏ ਦੋਸ਼ਾਂ ਅਨੁਸਾਰ ਦੋਸ਼ੀ ਵਿਅਕਤੀ ਦੋ-ਦੋ ਸੌ ਲੀਟਰ ਦੇ ਢੋਲਾਂ ਵਿੱਚ ਪੰਜਾਬ ਦੇ ਪੈਟਰੋਲ ਪੰਪ ਤੋਂ ਡੀਜ਼ਲ ਭਰਵਾ ਕੇ ਰਾਜਸਥਾਨ ਵਿੱਚ ਸਪਲਾਈ ਕਰਦੇ ਸਨ, ਕਿਉਂਕਿ ਪੰਜਾਬ ਤੇ ਰਾਜਸਥਾਨ ਦੇ ਡੀਜ਼ਲ ਦੇ ਰੇਟ ਵਿੱਚ ਉਨ੍ਹਾਂ ਦਿਨਾਂ ਵਿੱਚ ਪੰਜ ਰੁਪਏ ਪ੍ਰਤੀ ਲੀਟਰ ਫਰਕ ਸੀ। ਪੰਪ ਮਾਲਕ ਦਾ ਪੰਪ ਪੰਜਾਬ ਹਰਿਆਣਾ ਬਾਰਡਰ ਉੱਤੇ ਸੀ। ਹਰਿਆਣਾ ਵਿੱਚ ਵੀ ਡੀਜ਼ਲ ਪੰਜਾਬ ਨਾਲੋਂ ਮਹਿੰਗਾ ਸੀ। ਮੁਕੱਦਮਾ ਦਰਜ ਹੋਣ ਤੋਂ ਕੁਝ ਦਿਨਾਂ ਬਾਅਦ ਦੋਸ਼ੀਆਨ ਨੂੰ ਜ਼ਮਾਨਤ ਮਿਲ ਗਈ।

ਦੋਸ਼ੀਆਨ ਤੋਂ ਅਸਲ ਤੱਥਾਂ ਦਾ ਪਤਾ ਲੱਗਾ ਕਿ ਉਹ ਰਾਜਸਥਾਨ ਦੇ ਇੱਕ ਇਲਾਕੇ ਦੇ ਗਰੀਬ ਕਿਸਾਨ ਹਨ। ਥੋੜ੍ਹੀ ਜ਼ਮੀਨ ਉੱਤੇ ਖੇਤੀ ਕਰਨ ਦੇ ਨਾਲ ਪਿਕਅਪ ਚਲਾ ਕੇ ਗੁਜ਼ਾਰਾ ਕਰਦੇ ਸੀ। ਦੇਸ਼ ਦੇ ਬਾਕੀ ਕਿਸਾਨਾਂ ਵਾਂਗ ਉਨ੍ਹਾਂ ਦੀ ਮਾਲੀ ਹਾਲਤ ਵੀ ਪਤਲੀ ਹੈ। ਉਨ੍ਹਾਂ ਨੇ ਬਾਕੀ ਕਿਸਾਨਾਂ ਨਾਲ ਸੰਪਰਕ ਕਰ ਕੇ ਕਰੀਬ ਵੀਹ ਕਿਸਾਨਾਂ ਪਾਸੋਂ ਦੋ-ਦੋ ਸੌ ਲੀਟਰ ਦੇ ਢੋਲ ਇਕੱਠੇ ਕਰ ਕੇ ਸਸਤਾ ਡੀਜ਼ਲ ਪੰਜਾਬ ਤੋਂ ਭਰਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਨਾਲ ਉਸ ਨੂੰ ਗੱਡੀ ਦਾ ਕੰਮ ਲਗਾਤਾਰ ਮਿਲਣ ਲੱਗ ਪਿਆ ਤੇ ਕਿਸਾਨਾਂ ਨੂੰ ਬਚਤ ਹੋਣ ਲੱਗ ਪਈ। ਉਨ੍ਹਾਂ ਦੱਸਿਆ, 'ਇੱਕ ਪੈਟਰੋਲ ਪੰਪ ਕਿਸੇ ਵੱਡੇ ਮੰਤਰੀ ਦੇ ਕਿਸੇ ਰਿਸ਼ਤੇਦਾਰ ਨੇ ਪੰਜਾਬ ਹਰਿਆਣਾ ਹੱਦ ਉੱਤੇ ਲਾ ਲਿਆ ਹੈ ਅਤੇ ਉਸ ਪੰਪ ਦਾ ਮਾਲਕ ਚਾਹੁੰਦਾ ਸੀ ਕਿ ਅਸੀਂ ਉਸ ਕੋਲੋਂ ਤੇਲ ਭਰਵਾਈਏ, ਪਰ ਸਾਨੂੰ ਉਸ ਦੇ ਸਿਆਸੀ ਸੰਬੰਧ ਹੋਣ ਕਾਰਨ ਤੇਲ ਵਿੱਚ ਮਿਲਾਵਟ ਦਾ ਸ਼ੱਕ ਸੀ, ਇਸ ਕਰ ਕੇ ਉਸ ਨੇ ਸਾਡੇ ਉਤੇ ਆਪਣੀ ਪਹੁੰਚ ਨਾਲ ਕੇਸ ਦਰਜ ਕਰਵਾ ਦਿੱਤਾ।'' ਇੱਕ ਗੱਲ ਹੋਰ ਪਤਾ ਲੱਗੀ, ਜਿਸ ਪੰਪ ਮਾਲਕ ਤੋਂ ਉਹ ਤੇਲ ਭਰਵਾਉਂਦੇ ਸੀ, ਉਹ ਵੀ ਅੰਦਰੂਨੀ ਤੌਰ ਉੱਤੇ ਖੁਸ਼ ਸੀ ਕਿ ਚਲੋ ਪੇਸ਼ੀ ਉੱਤੇ ਆਉਂਦਿਆਂ ਉਹ ਦੋਸ਼ੀ ਉਸ ਤੋਂ ਤੇਲ ਭਰਵਾਇਆ ਕਰਨਗੇ।

ਦੂਜੇ ਪਾਸੇ ਕਾਨੂੰਨ ਦੇ ਮੁਤਾਬਕ ਕੋਈ ਵਿਅਕਤੀ ਪੱਚੀ ਸੌ ਲੀਟਰ ਤੱਕ ਡੀਜ਼ਲ ਦੇਸ਼ ਦੇ ਕਿਸੇ ਹਿੱਸੇ ਤੋਂ ਵੀ ਭਰਵਾ ਕੇ ਕਿਤੇ ਵੀ ਲਿਜਾ ਸਕਦਾ ਹੈ। ਕਿਤੇ ਵੀ ਕਿਸੇ ਕਾਨੂੰਨ ਦੀ ਉਲੰਘਣਾ ਨਹੀਂ ਹੋਈ ਸੀ, ਪਰ ਉਹ ਗਰੀਬ ਕਿਸਾਨ ਸਿਰਫ ਮੰਤਰੀ ਦੇ ਰਿਸ਼ਤੇਦਾਰ ਦੇ ਪੰਪ ਦੀ ਕਾਮਯਾਬੀ ਲਈ ਮੁਕੱਦਮੇ ਦੀ ਘੁਲਾੜੀ ਪੀੜ ਦਿੱਤੇ ਗਏ। ਉਨ੍ਹਾਂ ਨੂੰ ਮੈਂ ਇਸ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਸੀ। ਹਰ ਪੇਸ਼ੀ ਉੱਤੇ ਉਹ ਆਪਣੀ ਬੋਲੀ ਵਿੱਚ ਮੇਰੀਆਂ ਮਿੰਨਤਾਂ ਕਰਿਆ ਕਰਨ ਕਿ ਸਾਡੇ ਵੱਲੋਂ ਜੱਜ ਸਾਹਿਬ ਨੂੰ ਅਰਜ਼ ਕਰੋ। ਚਾਰਜ ਦੀ ਸਟੇਜ ਉੱਤੇ ਹੇਠਲੀਆਂ ਅਦਾਲਤਾਂ ਖਾਸ ਛੋਟ ਨਹੀਂ ਦਿੰਦੀਆਂ ਤੇ ਅਪੀਲ ਕਰਨਾ ਉਨ੍ਹਾਂ ਦੇ ਵੱਸ ਨਹੀਂ ਸੀ। ਅਦਾਲਤ ਫਰਜ਼ ਵਿੱਚ ਬੰਨ੍ਹੀਂ ਹੁੰਦੀ ਹੈ ਕਿ ਗਵਾਹੀ ਦਾ ਮੌਕਾ ਦਿੱਤੇ ਬਿਨਾਂ ਦੋਸ਼ੀ ਦੇ ਚਾਰਜਸ਼ੀਟ ਹੋਣ ਤੋਂ ਪਹਿਲਾਂ ਫੈਸਲਾ ਨਹੀਂ ਦੇ ਸਕਦੀ। ਚਾਰ ਸੌ ਕਿਲੋਮੀਟਰ ਤੋਂ ਪੇਸ਼ੀ ਭੁਗਤਣਾ ਇਨ੍ਹਾਂ ਗਰੀਬਾਂ ਦੇ ਵੱਸ ਦਾ ਨਹੀਂ ਸੀ।

ਇੱਕ ਦਿਨ ਕੇਸ ਵਿੱਚ ਆਵਾਜ਼ ਪੈਣ ਉੱਤੇ ਮੈਂ ਅਦਾਲਤ ਨੂੰ ਉਸ ਕੇਸ ਦੀ ਪੂਰੀ ਸਥਿਤੀ ਤੋਂ ਜਾਣੂ ਕਰਾਇਆ। ਮੈਂ ਉਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਫਰਦਾਂ ਵੀ ਅਦਾਲਤ ਨੂੰ ਦਿਖਾਈਆਂ ਕਿ ਕਿਵੇਂ ਉਹ ਕਰਜ਼ੇ ਵਿੱਚ ਡੁੱਬੇ ਹਨ ਅਤੇ ਕਰਜ਼ੇ ਦਾ ਭਾਰ ਹੌਲਾ ਕਰਨ ਲਈ ਹੋਰ ਕਰਜ਼ਾ ਵਧਾ ਬੈਠੇ ਹਨ। ਅਦਾਲਤ ਨੂੰ ਮੈਂ ਜਲਦੀ ਗਵਾਹੀ ਕਰਾਉਣ ਦੀ ਬੇਨਤੀ ਕੀਤੀ। ਬੇਸ਼ੱਕ ਮੇਰੇ ਕੋਲ ਵੱਡਾ ਕੋਈ ਕਾਨੂੰਨੀ ਨੁਕਤਾ ਇਸ ਸਟੇਜ ਉੱਤੇ ਬੋਲਣ ਵਾਲਾ ਨਹੀਂ ਸੀ, ਪਰ ਇਨਸਾਫ ਦੇ ਮੱਦੇਨਜ਼ਰ ਅਦਾਲਤ ਨੇ ਮੇਰੀ ਬੇਨਤੀ ਸਵੀਕਾਰ ਕਰ ਕੇ ਸਰਕਾਰ ਨੂੰ ਸਖਤ ਹਦਾਇਤ ਕਰ ਦਿੱਤੀ ਕਿ ਇਸ ਕੇਸ ਵਿੱਚ ਜਲਦੀ ਗਵਾਹ ਬੁਲਾਏ ਜਾਣ। ਜਿਹੜਾ ਗਵਾਹ ਨਹੀਂ ਆਵੇਗਾ, ਉਸ ਦੀ ਤਨਖਾਹ ਕੁਰਕ ਕਰ ਦਿੱਤੀ ਜਾਵੇਗੀ।

ਅਗਲੀ ਤਰੀਕ ਪੇਸ਼ੀ, ਪਰ ਇੱਕ ਗਵਾਹ, ਜੋ ਪੰਜਾਬ ਪੁਲਸ ਵਿੱਚ ਤਰੱਕੀ ਲੈ ਕੇ ਉੱਚ ਅਧਿਕਾਰੀ ਬਣ ਚੁੱਕਾ ਸੀ, ਨੂੰ ਛੱਡ ਕੇ ਬਾਕੀ ਸਾਰੇ ਗਵਾਹ ਭੁਗਤ ਚੁੱਕੇ ਸਨ। ਜਲਦੀ ਤਰੱਕੀ ਹਾਸਲ ਕਰਨ ਦਾ ਕਾਰਨ ਵੀ ਸ਼ਾਇਦ ਅਜਿਹੇ ਕੇਸ ਹੀ ਹੋਣਗੇ। ਉਹ ਅਧਿਕਾਰੀ ਕਈ ਪੇਸ਼ੀਆਂ ਉੱਤੇ ਤਨਖਾਹ ਕੁਰਕ ਹੋਣ ਦੇ ਬਾਵਜੂਦ ਨਾ ਆਇਆ। ਪਤਾ ਕੀਤਾ ਤਾਂ ਦੱਸਿਆ ਗਿਆ ਕਿ ਕੁਰਕੀ ਹੁਕਮ ਦਾ ਉਹਨੇ ਅਮਲ ਹੀ ਨਹੀਂ ਹੋਣ ਦਿੱਤਾ ਸੀ। ਅਦਾਲਤ ਦੇ ਸਖਤ ਰੁਖ ਤੋਂ ਬਾਅਦ ਹੀ ਉਸ ਨੇ ਅਦਾਲਤ ਵਿੱਚ ਗਵਾਹੀ ਦਿੱਤੀ, ਪਰ ਉਸ ਨੂੰ ਇਹ ਕਹਿੰਦਿਆਂ ਮੈਂ ਸੁਣਿਆ ਕਿ ਉਹ ਕਿਹੜਾ ਤਨਖਾਹ ਉੱਤੇ ਬੈਠਾ ਹੈ। ਇੰਝ ਜਾਪਦਾ ਸੀ ਕਿ ਜਿਵੇਂ ਰਿਸ਼ਵਤ ਉਸ ਦਾ ਅਧਿਕਾਰ ਹੋਵੇ ਤੇ ਤਨਖਾਹ ਲੈ ਕੇ ਉਹ ਸਰਕਾਰ ਉੱਤੇ ਕੋਈ ਅਹਿਸਾਨ ਕਰ ਰਿਹਾ ਹੋਵੇ। ਅਦਾਲਤ ਨੇ ਕਾਨੂੰਨੀ ਸਥਿਤੀ ਵੇਖਦਿਆਂ ਉਨ੍ਹਾਂ ਗਰੀਬ ਕਿਸਾਨਾਂ ਦੀ ਬੰਦ ਖਲਾਸੀ ਕੀਤੀ। ਬੇਹੱਦ ਭਾਵੁਕ ਤਰੀਕੇ ਨਾਲ ਉਹ ਮੈਨੂੰ ਗਲਵੱਕੜੀ ਪਾ ਕੇ ਰੋਣ ਲੱਗ ਪਏ, ਪਰ ਉਨ੍ਹਾਂ ਕਿਸਾਨਾਂ ਨੇ ਸਿਰਫ ਮੰਤਰੀ ਦੇ ਰਿਸ਼ਤੇਦਾਰ ਦੇ ਪੰਪ ਲੱਗਣ ਕਾਰਨ ਬਹੁਤ ਭੁਗਤਿਆ। ਕਈ ਵਾਰ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਟਪਕੇ ਹੰਝੂ ਅੱਖਾਂ ਅੱਗੇ ਆ ਜਾਂਦੇ ਹਨ। ਕਈ ਵਾਰ ਉਨ੍ਹਾਂ ਦੀਆਂ ਖਾਲੀ ਜੇਬਾਂ ਤੇ ਫਰਦਾਂ ਅਤੇ ਸਰਕਾਰ ਦੇ ਚੜ੍ਹਾਏ ਲਾਲ ਨੋਟ ਜ਼ਿੰਮੇਵਾਰੀ ਦਾ ਅਹਿਸਾਸ ਕਰਾ ਜਾਂਦੇ ਹਨ।

## ਹਲਕਾ ਫੁਲਕਾ

ਟੀਚਰ, ''ਮੈਂ ਸੁੰਦਰ ਸੀ, ਸੁੰਦਰ ਹਾਂ ਅਤੇ ਸੁੰਦਰ ਰਹਾਂਗੀ। ਇਸੇ ਤਰ੍ਹਾਂ ਦੇ ਤਿੰਨ ਕਾਲਾਂ ਦੀ ਉਦਾਹਰਣ ਦਿਓ।''

ਰੋਸ਼ਨ, ''ਤੁਹਾਨੂੰ ਵਹਿਮ ਸੀ, ਵਹਿਮ ਹੈ ਅਤੇ ਵਹਿਮ ਰਹੇਗਾ।''

*********

ਪਤਨੀ, ''ਮੇਰੀ ਸ਼ਰਾਫਤ ਤਾਂ ਦੇਖੋ, ਮੈਂ ਤੁਹਾਨੂੰ ਦੇਖੇ ਬਿਨਾਂ ਹੀ ਤੁਹਾਡੇ ਨਾਲ ਵਿਆਹ ਕਰਵਾ ਲਿਆ।''

ਪਤੀ, ''....ਅਤੇ ਮੇਰੀ ਸ਼ਰਾਫਤ ਦੇਖ, ਮੈਂ ਤੈਨੂੰ ਦੇਖ ਕੇ ਵੀ ਇਨਕਾਰ ਨਹੀਂ ਕੀਤਾ।''

*********

ਪਤਨੀ, ''ਸਾਹਮਣੇ ਵਾਲੇ ਘਰ ਵਿੱਚ ਪਤੀ-ਪਤਨੀ ਵਿਚਕਾਰ ਕਦੋਂ ਤੋਂ ਝਗੜਾ ਹੋ ਰਿਹਾ ਹੈ। ਤੁਸੀਂ ਇੱਕ ਵਾਰ ਜਾਓ ਨਾ।''

ਪਤੀ, ''ਮੈਂ ਦੋ ਵਾਰ ਗਿਆ ਸੀ, ਉਸੇ ਦਾ ਤਾਂ ਝਗੜਾ ਹੈ।''




# ਕਿਸਾਨ ਧਰਨਿਆਂ ਤੋਂ ਦੁਖੀ ਨੈਸ਼ਨਲ ਹਾਈਵੇਜ਼ ਅਥਾਰਟੀ ਵੱਲੋਂ ਪੰਜਾਬ ਸਰਕਾਰ ਨੂੰ ਪੱਤਰ

### * 500 ਕਰੋੜ ਦੇ ਨੁਕਸਾਨ ਦੀ ਦੁਹਾਈ ਪਾਈ




ਚੰਡੀਗੜ੍ਹ, 28 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਟੋਲ ਪਲਾਜ਼ਿਆਂ ਉੱਤੇਕਿਸਾਨਾਂ ਦੇ ਧਰਨਿਆਂ ਤੋਂ ਨਾਰਾਜ਼ ਨੈਸ਼ਨਲ ਹਾਈਵੇਜ਼ ਅਥਾਰਟੀ ਨੇ ਪੰਜਾਬ ਸਰਕਾਰ ਨੰ ਪੱਤਰ ਲਿਖ ਕੇ ਪਿਛਲੇ ਸਾਲ ਅਕਤੂਬਰ ਤੋਂ ਟੋਲ ਵਸੂਲੀ ਬੰਦ ਹੋਣ ਕਾਰਨ 500 ਕਰੋੜ ਰੁਪਏ ਦਾ ਨੁਕਸਾਨ ਹੋਣ ਦੀ ਦੁਹਾਈ ਦਿੱਤੀ ਹੈ। ਇਸ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਟੋਲ ਬੰਦ ਹੋਣ ਨਾਲ ਪੰਜਾਬ ਵਿੱਚ ਇਸ ਅਥਾਰਟੀ ਦੇ ਬਾਕੀ ਪ੍ਰੋਜੈਕਟਾਂ ਉੱਤੇਵੀ ਅਸਰ ਪੈ ਰਿਹਾ ਹੈ। ਪੰਜਾਬ ਦੀ ਚੀਫਸੈਕਟਰੀ ਨੂੰ ਲਿਖੇ ਪੱਤਰ ਵਿੱਚ ਨੈਸ਼ਨਲ ਹਾਈਵੇਜ਼ ਅਥਾਰਟੀ ਨੇ ਕਿਹਾ ਕਿ ਪੰਜਾਬ ਵਿੱਚ ਟੋਲ ਪਲਾਜ਼ਿਆਂ ਉੱਤੇ ਕਿਸਾਨਾਂ ਵੱਲੋਂ ਪਿਛਲੇ ਪੰਜ ਮਹੀਨਿਆਂ ਤੋਂ ਚੱਲਦੇ ਧਰਨੇ ਕਾਰਨ ਟੋਲ ਵਸੂਲੀ ਬੰਦ ਹੋਣ ਨਾਲਨੈਸ਼ਨਲ ਹਾਈਵੇਜ਼ ਅਥਾਰਟੀ (ਐਨ ਐਚ ਏ ਆਈ) ਨੂੰ ਅੱਜ ਤੱਕ ਕਰੀਬ 500 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ, ਜਿਸ ਦੇ ਕਾਰਨ ਸਰਕਾਰ ਨੂੰ ਇਸ ਦਾ ਜਲਦੀ ਹੱਲ ਕਰਾਉਣਾ ਚਾਹੀਦਾ ਹੈ। ਐਨ ਐਚ ਏ ਆਈ ਨੇ ਲਿਖਿਆ ਕਿ ਕਿਸਾਨਾਂ ਨੇ ਇੱਕ ਅਕਤੂਬਰ 2020 ਤੋਂ ਟੋਲ ਪਲਾਜ਼ਿਆਂ ਉੱਤੇ ਟੈਕਸ ਦੀ ਵਸੂਲੀ ਜਬਰਨ ਰੋਕ ਦਿੱਤੀ ਤੇ ਵਾਹਨਾਂ ਨੂੰ ਬਿਨਾਂ ਟੋਲ ਟੈਕਸ ਦੇ ਲੰਘਾਇਆਜਾ ਰਿਹਾ ਹੈ। ਅਥਾਰਟੀ ਦਾ ਕਹਿਣਾ ਹੈ ਕਿ ਇਸ ਨਾਲ ਪੰਜਾਬ ਵਿੱਚ ਹਾਈਵੇ ਦੀ ਮੁਰੰਮਤ ਦਾ ਕੰਮ ਪ੍ਰਭਾਵਤ ਹੋਇਆ ਅਤੇ ਇਸ ਦੇ ਇਲਾਵਾ ਰਾਜ ਵਿੱਚ ਬਣਨ ਵਾਲੇ ਵੱਖ-ਵੱਖ ਹਾਈਵੇਜ਼ ਪ੍ਰੋਜੈਕਟਾਂ ਦਾ ਕੰਮ ਵੀ ਪ੍ਰਭਾਵਤ ਹੋਇਆ ਹੈ। ਅਥਾਰਟੀ ਨੇ ਲਿਖਿਆ ਕਿ ਪੈਸੇ ਰੁਕਣ ਨਾਲ ਨਵੇਂ ਪ੍ਰੋਜੈਕਟਾਂ ਉੱਤੇ ਕੰਮ ਸ਼ੁਰੂ ਨਹੀਂ ਹੋ ਰਿਹਾ। ਪੱਤਰ ਵਿੱਚ ਲਿਖਿਆ ਹੈ ਕਿ ਕੇਂਦਰੀ ਹਾਈਵੇਜ਼ ਮੰਤਰਾਲਾ ਦੇ ਮੰਤਰੀ ਅਤੇ ਅਧਿਕਾਰੀਆਂ ਨੇ ਇਹ ਮਸਲਾ ਪੰਜਾਬ ਸਰਕਾਰ ਕੋਲ ਪਹਿਲਾਂ ਵੀ ਚੁੱਕਿਆ ਹੈ, ਪਰ ਇਸ ਦਾ ਹੱਲ ਨਹੀਂ ਨਿਕਲਿਆ। ਅਥਾਰਟੀ ਨੇ ਚੀਫਸੈਕਟਰੀ ਨੂੰ ਲਿਖਿਆ ਕਿ ਕਿਸਾਨਾਂ ਨੂੰ ਸਮਝਾ ਕੇ ਇਸ ਦਾ ਹੱਲ ਕੱਢਿਆ ਜਾਵੇ ਤਾਂ ਕਿ ਰਾਜ ਵਿੱਚ ਟੋਲ ਪਲਾਜ਼ਿਆਂ ਉੱਤੇ ਟੈਕਸ ਵਸੂਲੀ ਦਾ ਕੰਮ ਫਿਰ ਸ਼ੁਰੂ ਹੋ ਸਕੇ।

# ਗੈਂਗਸਟਰਾਂ ਨੇ ਆਪੇ ਮਾਰੇ ਨੌਜਵਾਨਾਂ ਦੇ ਪਰਿਵਾਰ ਤੋਂ ਮੁਆਫੀ ਮੰਗੀ

### * ਕਹਿੰਦੇ: ਗਲਤਫਹਿਮੀ ਕਾਰਨ ਬੇਕਸੂਰਾਂ ਦਾ ਕਤਲ ਹੋ ਗਿਆ

ਐਸ ਏ ਐਸ ਨਗਰ, 28 ਮਾਰਚ (ਪੋਸਟ ਬਿਊਰੋ)- ਪਿਛਲੇ ਵੀਰਵਾਰ ਨੂੰ ਅੰਬਾਲਾ ਸ਼ਹਿਰ ਦੇ ਕਾਲਕਾ ਚੌਕ ਉੱਤੇ ਹੋਏ ਗੋਲੀ ਕਾਂਡ ਵਿੱਚ ਮਾਰੇ ਗਏ ਚੰਡੀਗੜ੍ਹ ਨੇੜਲੇ ਮੌਲੀਗਾਜਰਾਂ ਦੇ ਪ੍ਰਦੀਪ ਪੰਜਾ ਅਤੇ ਰਾਹੁਲ ਦੇ ਕਤਲ ਦੇ ਬਾਅਦ ਬੰਬੀਹਾ ਗਰੁੱਪ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਮ੍ਰਿਤਕ ਦੇ ਪਰਵਾਰ ਤੋਂ ਮੁਆਫੀ ਮੰਗੀ ਅਤੇ ਨਾਲ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜਿਨ੍ਹਾਂ ਦਾ ਕੰਮ ਕਰਨਾ ਸੀ, ਉਨ੍ਹਾਂ ਨੂੰ ਬਿਲਕੁਲ ਨਹੀਂ ਛੱਡਾਂਗੇ। ਇਹ ਪੋਸਟ ਗੈਂਗਸਟਰ ਦਵਿੰਦਰ ਬੰਬੀਹਾ ਦੇ ਫੇਸਬੁਕ ਅਕਾਊਂਟ ਤੋਂ ਪਾਈ ਗਈ ਦੱਸੀ ਜਾਂਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਹਮਲਾਵਰਾਂ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ ਕਿ ਅੰਬਾਲਾ ਵਿੱਚ ਕਤਲ ਹੋਏ ਦੋਵੇਂ ਜਣੇ ਬੇਕਸੂਰ ਸਨ ਅਤੇ ਉਨ੍ਹਾਂ ਦਾ ਕਿਸੇ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਆਪਣੇ ਭਰਾ ਜਿਨ੍ਹਾਂ ਦਾ ਕੰਮ ਕਰਨ ਗਏ ਸਨ, ਉਹ ਗਲਤਫਹਿਮੀ ਕਾਰਨ ਇਨ੍ਹਾਂ ਦੋਵਾਂ ਦਾ ਨੁਕਸਾਨ ਹੋ ਗਿਆ। ਇਸ ਪਾਪ ਦੇ ਦੋਸ਼ੀ ਅਸੀਂ ਖੁਦ ਹਾਂ, ਜਿਸ ਦਾ ਅਸੀਂ ਕਦੇ ਪਛਤਾਵਾ ਨਹੀਂ ਕਰ ਸਕਦੇ। ਅਸੀਂ ਵਾਹਿਗੁਰੂ ਤੋਂ ਦੋਵਾਂ ਭਰਾਵਾਂ ਦੇ ਪਰਵਾਰਾਂ ਤੋਂ ਹੱਥ

ਜੋੜ ਕੇ ਮੁਆਫੀ ਮੰਗਦੇ ਹਾਂ, ਵਾਹਿਗੁਰੂ ਭਰਾਵਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਪਰਵਾਰ ਵਾਲਿਆਂ ਨੂੰ ਦੁੱਖ ਦੀ ਘੜੀ ਵਿੱਚ ਹੌਸਲਾ ਦੇਵੇ। ਇੱਕ ਗੱਲ ਹੋਰ ਕਿ ਕਈ ਲੋਕ ਮਸ਼ਹੂਰ ਹੋਣ ਦੇ ਚੱਕਰ ਵਿੱਚ ਸ਼ੋਸ਼ਲ ਮੀਡੀਆ ਉੱਤੇ ਝੂਠੀ ਖਬਰ ਅਪਲੋਡ ਕਰ ਰਹੇ ਹਨਅਤੇ ਝੂਠੀ ਉਸਤਤ ਲੁੱਟ ਰਹੇ ਹਨ। ਅਸੀਂ ਜਿਨ੍ਹਾਂ ਦਾ ਕੰਮ ਕਰਨਾ ਸੀ, ਉਨ੍ਹਾਂ ਨੂੰ ਬਿਲਕੁਲ ਨਹੀਂ ਛੱਡਣਾ। ਵੇਟ ਐਂਡ ਵਾਚ: ਦਵਿੰਦਰ ਬੰਬੀਹਾ ਗਰੁੱਪ।

ਅਸਲ ਵਿੱਚ ਵੀਰਵਾਰ ਨੂੰ ਕਾਲਕਾ ਚੌਕ ਉੱਤੇ ਕਤਲ ਕਰਨ ਦੇ ਪਿੱਛੋਂ ਜੈਂਪੀ ਬ੍ਰਾਂਡ ਵਾਲੇ ਫੇਸਬੁਕ ਅਕਾਊਂਟ ਤੋਂ ਇੱਕ ਪੋਸਟ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਸੀ, ਜਿਸ ਵਿੱਚ ਹਮਲਾਵਰਾਂ ਨੇ ਜ਼ੀਰਕਪੁਰ ਵਾਸੀ ਮਨੀ ਭਾਟੀਆ ਤੇ ਉਸ ਦੇ ਸਾਥੀ ਮਨੀਸ਼ ਨੂੰ ਗੋਲੀਆਂ ਮਾਰਨ ਦੀ ਜ਼ਿੰਮੇਵਾਰੀ ਲਈ ਸੀ। ਉਨ੍ਹਾਂ ਨੇ ਲਿਖਿਆ ਸੀ ਕਿ ਬਾਲਾ ਕੋਰਟ ਦੇ ਬਾਹਰ ਦੋ ਕਤਲ ਹੋਏ ਹਨ। ਮਨੀਸ਼ ਤੇ ਮਨੀ ਦਾ, ਉਹ ਕਤਲ ਸਾਡੇ ਦਵਿੰਦਰ ਬੰਬੀਹਾ ਗਰੁੱਪ ਵਾਲੇ ਵੀਰ ਨੀਰਜ ਚਸਕਾ ਜੈਤੋ ਅਤੇ ਮਨ ਜੈਤੋ ਨੇ ਕੀਤੇ ਹਨ, ਪਰ ਮਨੀ ਤੇ ਮਨੀਸ਼ ਗੱਡੀ ਵਿੱਚ ਨਹੀਂ ਸਨ, ਜਦ ਹਮਲਾਵਰਾਂ ਨੇ ਗੋਲੀਆਂ ਚਲਾਈਆਂ ਸਨ।

## ਖਰੜ ਵਿੱਚ ਡੀ ਜੀ ਐਮ ਹੋਮਜ਼ ਦੀ ਐਮ ਡੀ ਉਤੇ ਫਾਇਰਿੰਗ

ਮੋਹਾਲੀ, 28 ਮਾਰਚ (ਪੋਸਟ ਬਿਊਰੋ)- ਖਰੜ ਵਿਚਲੇ ਡੀ ਜੀ ਐਮ ਹੋਮਜ਼ ਪ੍ਰੋਜੈਕਟ ਦੀ ਐਮ ਡੀ ਗਗਨਦੀਪ ਕੌਰ ਦੇ ਦਫਤਰ ਉੱਤੇ ਪੰਜ ਗੱਡੀਆਂ ਵਿੱਚ ਆਏ ਕਰੀਬ 20-25 ਲੋਕਾਂ ਨੇ ਗੋਲੀਆਂ ਚਲਾਈਆਂ, ਪਰ ਉਹ ਬਚ ਗਈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਗਗਨਦੀਪ ਕੌਰ ਨੇ ਦੱਸਿਆ ਕਿ ਉਸ ਦਾ ਪ੍ਰਾਪਰਟੀ ਡੀਲਰ ਦਾ ਦਫਤਰ ਹੈ।ਉਸ ਨੇ ਦੋਸ਼ ਲਾਇਆ ਕਿ ਹਰਜਿੰਦਰ ਸਿੰਘ ਬਲੌਂਗੀ, ਜੋ ਅਕਾਲੀ ਦਲ ਦਾ ਨੇਤਾ ਹੈ, ਉਸ ਉੱਤੇ ਬੁਰੀ ਨਜ਼ਰ ਰੱਖਦਾ ਹੈ ਅਤੇ ਹਾਊਸਿੰਗ ਪ੍ਰੋਜੈਕਟ ਵਿੱਚ ਮੁਨਾਫਾ ਕਮਾਉਣ ਲਈ ਜਬਰਦਸਤੀ ਉਸ ਨੂੰ ਪ੍ਰੇਸ਼ਾਨ ਕਰਦਾ ਹੈ। ਕੱਲ੍ਹ ਉਹ ਕੇ ਐਫ ਸੀ ਖਰੜ ਦੇ ਬਾਹਰਵਾਰ ਕਿਸਾਨੀ ਸੰਘਰਸ਼ ਦੇ ਧਰਨੇ ਵਿੱਚ ਜਾ ਕੇ ਆਈ ਤਾਂ ਹਰਜਿੰਦਰ ਸਿੰਘ ਦੇ ਨਾਲ ਨਰਪਿੰਦਰ ਸਿੰਘ, ਸਾਬਕਾ ਸਰਪੰਚ ਸਲੋਰਾ, ਰੁਸਤਮ ਸਾਬਕਾ ਸਰਪੰਚ ਹਰਲਾਲਪੁਰ, ਗੁਰਪ੍ਰੀਤ ਬੈਦਵਾਨ, ਰਾਜੂ, ਗੁਲਸ਼ਨ ਸਮੇਤ ਦਰਜਨ ਦੇ ਕਰੀਬ ਲੋਕਾਂ ਨੇ ਉਸ ਦੇ ਦਫਤਰ ਉੱਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਸਦਰ ਥਾਣੇ ਦੀ ਪੁਲਸ ਓਥੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਡੀ ਐਸ ਪੀ ਰੁਪਿੰਦਰ ਕੌਰ ਸੋਹੀ ਨੇ ਕਿਹਾ ਕਿ ਗਗਨਪ੍ਰੀਤ ਕੌਰ ਦੇ ਬਿਆਨ ਦਰਜ ਕਰ ਲਏ ਗਏ ਹਨ। ਸਿਮਰਨਜੀਤ ਸਿੰਘ, ਐਸ ਆਈ ਸਦਰ ਥਾਣਾ ਦਾ ਕਹਿਣਾ ਹੈ ਕਿ ਸ਼ਿਕਾਇਤ ਉੱਤੇ ਸੱਤ ਜਣਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਜਿਨ੍ਹਾਂ ਦੀ ਪਛਾਣ ਹਰਜਿੰਦਰ ਸਿੰਘ ਬਲੌਂਗੀ, ਨਰਿੰ-ਦਰ ਨਿੰਦਾ, ਗੁਰਪ੍ਰੀਤ, ਸ਼ੇਰ ਸਿੰਘ, ਰਾਜੂ, ਰੁਸਤਮ ਅਤੇ ਗੁਲਸ਼ਨ ਵਜੋਂ ਹੋਈ ਹੈ।

# ਬੇਟੇ ਨੂੰ ਥਾਣੇਦਾਰ ਅਤੇ ਮਾਂ ਨੂੰ ਚੇਅਰਪਰਸਨ ਬਣਾਉਣ ਦਾ ਝਾਂਸਾ ਦੇ ਕੇ ਦਸ ਲੱਖ ਦੀ ਠੱਗੀ

ਨਾਭਾ, 28 ਮਾਰਚ (ਪੋਸਟ ਬਿਊਰੋ)- ਥਾਣਾ ਸਦਰ ਦੇ ਪਿੰਡ ਢੀਂਗੀ ਦੇ ਸਰਪੰਚ ਦੇ ਭਰਾ ਨੂੰ ਸਬ ਇੰਸਪੈਕਟਰ ਅਤੇ ਉਸ ਦੀ ਮਾਤਾ ਨੂੰ ਜ਼ਿਲਾ ਪ੍ਰੀਸ਼ਦ ਦੀ ਚੇਅਰਪਰਸਨ ਬਣਾਉਣ ਦਾ ਝਾਂਸਾ ਦੇ ਕੇ ਦਸ ਲੱਖ ਰੁਪਏ ਠੱਗ ਲਏ। ਕੈਬਨਿਟ ਮੰਤਰੀ ਦੇ ਕਰੀਬੀ ਸਰਪੰਚ ਬਲਵਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਪੁਲਸ ਨੇ ਜਾਂਚ ਕਰਨ ਪਿੱਛੋਂ ਅਸ਼ੋਕ ਕੁਮਾਰ ਅਤੇ ਉਸ ਦੀ ਪਤਨੀ ਮੀਨਾ ਕੁਮਾਰੀ ਅਰੋੜਾ ਪਿੰਡ ਢੀਂਗੀ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਇਹ ਮਾਮਲਾ ਡੇਢ ਸਾਲ ਪੁਰਾਣਾ ਹੈ, ਜਿਸ ਦੀ ਸ਼ਿਕਾਇਤ ਐਸ ਐਸ ਪੀ ਦਫਤਰ ਪਹੁੰਚੀ ਤਾਂ ਜਾਂਚ ਦੇ ਬਾਅਦ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਦੱਸਿਆ ਗਿਆ ਹੈ ਕਿ ਦੋਸ਼ੀ ਅਸ਼ੋਕ ਕੁਮਾਰ ਰਾਜ ਸਭਾ ਵਿੱਚ ਨੌਕਰੀ ਕਰਦਾ ਹੈ।ਢੀਂਗੀ ਦੇ ਸਰਪੰਚ ਬਲਵਿੰਦਰ ਸਿੰਘ ਇੱਕ ਕੈਬਨਿਟ ਮੰਤਰੀ ਦੇ ਕਰੀਬੀ ਹਨ ਤੇ ਕਾਂਗਰਸ ਦੇ ਨਾਭਾ ਬਲਾਕ ਦਿਹਾਤੀ ਦੇ ਪ੍ਰਧਾਨ ਤੇ ਜ਼ਿਲਾ ਯੋਜਨਾ ਬੋਰਡ ਪਟਿਆਲਾ ਦੇ ਮੈਂਬਰ ਹਨ। ਇੱਕੋ ਪਿੰਡ ਦੇ ਹੋਣ ਦੇ ਕਾਰਨ ਬਲਵਿੰਦਰ ਸਿੰਘ ਦੀ ਦੋਸ਼ੀਆਂ ਦੇ ਪਰਵਾਰ ਨਾਲ ਜਾਣ ਪਛਾਣ ਸੀ। ਰਾਜ ਸਭਾ ਵਿੱਚ ਨੌਕਰੀ ਕਾਰਨ ਬਲਵਿੰਦਰ ਸਿੰਘ ਦਾ ਪਰਵਾਰ ਇਸ ਦੋਸ਼ੀ ਜੋੜੇ ਦਾ ਸਨਮਾਨ ਕਰਦਾ ਸੀ। ਇਹ ਜੋੜਾ ਕਦੇ-ਕਦੇ ਨਾਭਾ ਆਪਣੇ ਜੱਦੀ ਮਕਾਨ ਵਿੱਚ ਆਉਂਦਾ ਸੀ। ਇਸ ਦੌਰਾਨ ਹੀ ਬਲਵਿੰਦਰ ਸਿੰਘ ਦੇ ਭਰਾ ਨੇਤਰਪੁਨੀਤ ਸਿੰਘ ਨੂੰ ਪੰਜਾਬ ਪੁਲਸ ਵਿੱਚ ਸਬ ਇੰਸਪੈਕਟਰ ਭਰਤੀ ਕਰਵਾਉਣ ਦੀ ਗੱਲ ਚੱਲੀ। ਓਧਰ ਸਾਲ 2018 ਦੀਆਂ ਜ਼ਿਲਾ ਪ੍ਰੀਸ਼ਦ ਚੋਣਾਂ ਵਿੱਚ ਬਲਵਿੰਦਰ ਸਿੰਘ ਦੀ ਮਾਤਾ ਮਨਜੀਤ ਕੌਰ ਚੋਣ ਜਿੱਤ ਗਈ ਤਾਂ ਉਸ ਨੂੰ ਜ਼ਿਲਾ ਪ੍ਰੀਸ਼ਦ ਦੀ ਚੇਅਰਪਰਸਨ ਅਤੇ ਬਲਵਿੰਦਰ ਦੇ ਭਰਾ ਨੇਤਰਪੁਨੀਤ ਨੂੰ ਸਬ ਇੰਸਪੈਕਟਰ ਭਰਤੀ ਕਰਵਾਉਣ ਦੀ ਗੱਲ ਕਰ ਕੇ ਦੋਸ਼ੀਆਂ ਨੇ ਦਸ ਲੱਖ ਰੁਪਏ ਦੀ ਮੰਗ ਕੀਤੀ। ਤੈਅ ਰਕਮ ਲੈਣ ਪਿੱਛੋਂ ਇਨ੍ਹਾਂ ਲੋਕਾਂ ਦੀ ਨਿਯੁਕਤੀ ਨਾ ਹੋਈ ਤਾਂ ਦੋਸ਼ੀਆਂ ਤੋਂ ਪੈਸਾ ਵਾਪਸ ਮੰਗਿਆ।ਕਰੀਬ ਡੇਢ ਸਾਲ ਪਹਿਲਾਂ ਦੋਵਾਂ ਧਿਰਾਂ ਦਾ ਝਗੜਾ ਹੋ ਗਿਆ ਤਾਂ ਦੋਸ਼ੀਆਂ ਨੇ ਪੈਸਾ ਮੋੜਨ ਦੀ ਗੱਲ ਕਹਿ ਕੇ ਪੰਜ-ਪੰਜ ਲੱਖ ਰੁਪਏ ਦੇ ਦੋ ਚੈਕ ਪੀੜਤਾਂ ਨੂੰ ਦੇ ਦਿੱਤੇ। ਇਨ੍ਹਾਂ ਚੈਕ ਨੂੰ ਬੈਂਕ ਵਿੱਚ ਲਾਇਆ ਤਾਂ ਦਸਖਤ ਸਹੀ ਨਾ ਹੋਣ ਕਾਰਨ ਬਾਊਂਸ ਹੋ ਗਏ ਤੇ ਸਰਪੰਚ ਬਲਵਿੰਦਰ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ।

# ਰਿਟਾਇਰਡ ਕਰਨਲ ਉਤੇ ਔਰਤ ਨਾਲ ਛੇੜਛਾੜ ਦਾ ਪਰਚਾ ਦਰਜ

### * ਕਰਨਲ ਨੇ ਦੋਸ਼ਾਂ ਨੂੰ ਝੂਠੇ ਦੱਸਿਆ

ਜਲੰਧਰ, 28 ਮਾਰਚ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ-2 ਦੇ ਏਰੀਆ ਦੇ ਸੰਗਤ ਸਿੰਘ ਨਗਰ ਵਿੱਚ ਇੱਕ 41 ਸਾਲਾ ਔਰਤ ਨਾਲ ਛੇੜਛਾੜ ਕਰਨ ਦੇ ਦੋਸ਼ ਵਿਚ ਪੁਲਸ ਨੇ ਰਿਟਾਇਰਡਆਰਮੀ ਕਰਨਲ ਸਮੇਤ ਦੋ ਜਣਿਆਂ ਉੱਤੇ ਆਈ ਪੀ ਸੀ ਦੀ ਧਾਰਾ ਦਾ ਕੇਸ ਦਰਜ ਕਰ ਕੇ ਦੇਰ ਰਾਤ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਸੀ, ਪਰ ਥਾਣਾ ਪੱਧਰ ਉੱਤੇ ਜ਼ਮਾਨਤ ਦੇ ਦਿੱਤੀ ਗਈ ਅਤੇ ਅੱਗੋਂ ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ।

ਪੁਲਸ ਨੂੰ ਦਿੱਤੇ ਬਿਆਨ ਵਿੱਚ ਸੰਗਤ ਸਿੰਘ ਨਗਰ ਦੀ ਵਸਨੀਕ 41 ਸਾਲਾ ਔਰਤ ਨੇ ਦੋਸ਼ ਲਾਇਆ ਕਿ ਬੀਤੇ ਸ਼ੁੱਕਰਵਾਰ ਰਾਤ ਉਹ ਘਰਵਿੱਚ ਭਰਜਾਈ ਦੇ ਨਾਲ ਬੈਠੀ ਸੀ, ਜਦੋਂ ਭਰਜਾਈ ਦੇ ਪਤੀ ਘਬਰਾਏ ਹੋਏ ਆਏ ਤੇ ਬੋਲੇ ਕਿ ਮੈਨੂੰ ਬਚਾ ਲਓ। ਇਸੇ ਦੌਰਾਨ ਉਸ ਦੇ ਪਿੱਛੇ ਸਰਸਵਤੀ ਵਿਹਾਰ ਦਾ ਵਸਨੀਕ ਰਿਟਾਇਰਡ ਕਰਨਲ ਐਨ ਕੇ ਸ਼ਰਮਾ ਅਤੇ ਉਸ ਦਾ ਸਾਥੀ ਛਾਬੜਾ ਆ ਗਏ ਅਤੇ ਅੰਦਰ ਆਉਂਦੇ ਹੀ ਭਰਜਾਈ ਦੇ ਪਤੀ ਉੱਤੇ ਹਮਲਾ ਕਰਨ ਲੱਗੇ। ਫਿਰ ਉਨ੍ਹਾਂ ਨੇ ਮੁਹੱਲੇ ਦੇ ਲੋਕਾਂ ਨੂੰ ਇਕੱਠਾ ਹੁੰਦੇ ਦੇਖਿਆ ਤਾਂ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵੱਲ ਭੱਜ ਗਏ। ਉਸ ਦੇ ਬਾਅਦ ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਤਾਂ ਥਾਣਾ-2 ਦੇ ਏ ਐਸ ਆਈ ਬਲਵਿੰਦਰ ਸਿੰਘ ਪਹੁੰਚੇ ਅਤੇ ਕਰਨਲ ਸ਼ਰਮਾ ਨੂੰ ਲੈ ਗਏ।

ਰਿਟਾਇਰਡ ਕਰਨਲ ਐਨ ਕੇ ਸ਼ਰਮਾ ਦਾ ਕਹਿਣਾ ਹੈ ਕਿ ਸਰਸਵਤੀ ਵਿਹਾਰ ਵਿਚ ਉਨ੍ਹਾਂ ਦੇ ਘਰ ਦੇ ਨੇੜੇ ਇੱਕ ਵਿਅਕਤੀ ਨੇ ਉਨ੍ਹਾਂ ਦੀ ਗੱਡੀ ਨੂੰ ਟੱਕਰ ਮਾਰੀ ਸੀ। ਉਹ ਉਸ ਨੂੰ ਰੋਕਣ ਲਈ ਪਿੱਛਾ ਕਰਦੇ ਸੰਗਤ ਸਿੰਘ ਨਗਰ ਤੱਕ ਗਏ ਸਨ, ਜਿੱਥੇ ਸ਼ੁੱਕਰਵਾਰ ਰਾਤ ਸ਼ਿਕਾਇਤ ਕਰਤਾ ਔਰਤ ਅਤੇ ਉਸ ਦੇ ਸਮਰਥਕਾਂ ਨੇ ਹੰਗਾਮਾ ਕੀਤਾ। ਵਰਨਣ ਯੋਗ ਹੈ ਕਿ ਪੁਲਸ ਨੇ ਰਿਟਾਇਰਡ ਕਰਨਲ ਨੂੰ ਬਿਨਾਂ ਕਾਰਵਾਈ ਛੱਡਣ ਦੀ ਕੋਸ਼ਿਸ਼ ਕੀਤੀ, ਪਰ ਹੰਗਾਮਾ ਹੋਣ ਉੱਤੇ ਦੇਰ ਰਾਤ ਕੇਸ ਦਰਜ ਕਰ ਲਿਆ। ਕਰਨਲ ਐਨ ਕੇ ਸ਼ਰਮਾ ਨੇ ਇਸ ਬਾਰੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਨੇ ਫਸਾਇਆ ਜਾ ਰਿਹਾ ਹੈ। ਕਰਨਲ ਨੇ ਕਿਹਾ ਕਿ ਉਨ੍ਹਾਂ ਨੇ ਔਰਤ ਨੂੰ ਕੋਈ ਗਲਤ ਗੱਲ ਨਹੀਂ ਕਹੀ, ਸਗੋਂ ਉਸ ਔਰਤ ਦੀ ਭਰਜਾਈ ਦਾ ਪਤੀ ਉਨ੍ਹਾਂ ਦੇ ਘਰ ਅੱਗੇ ਖੜ੍ਹੀ ਕਾਰ ਨੂੰ ਟੱਕਰ ਮਾਰ ਕੇ ਆਇਆ ਸੀ। ਦੇਰ ਰਾਤ ਤੱਕ ਔਰਤ ਧਿਰ ਨੇ ਥਾਣੇ ਵਿੱਚ ਹੰਗਾਮਾ ਕੀਤਾ ਅਤੇ ਭੰਨ ਤੋੜ ਵੀ ਕੀਤੀ ਸੀ। ਇਸ ਮਾਮਲੇ ਵਿੱਚ ਥਾਣਾ-2 ਦੇ ਐਸ ਐਚ ਓ ਸੁਖਬੀਰ ਸਿੰਘ ਨੇ ਦੱਸਿਆ ਕਿ ਦੋਸ਼ ਦੇ ਮੁਤਾਬਕ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਜ਼ਮਾਨਤੀ ਧਾਰਾ ਦਾ ਕੇਸ ਹੋਣ ਕਾਰਨ ਦੇਰ ਰਾਤ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਗਈ ਸੀ।

# ਟਿੱਪਰ ਹੇਠ ਆਉਣ ਕਾਰਨ ਦਾਦੀ ਦੀ ਮੌਤ, ਪੋਤਰੀ ਜ਼ਖਮੀ

ਪਠਾਨਕੋਟ, 28 ਮਾਰਚ (ਪੋਸਟ ਬਿਊਰੋ)- ਪਿੰਡ ਭੱਬਰ ਤੋਂ ਸ਼ਾਹਪੁਰ ਕੰਢੀ ਆ ਰਹੇ ਮੋਟਰ ਸਾਈਕਲ ਨੂੰ ਇੱਕ ਟਿੱਪਰ ਨੇ ਪਿੱਛੋਂ ਟੱਕਰ ਮਾਰ ਦਿੱਤੀ। ਇਸ ਕਾਰਨ ਮੋਟਰ ਸਾਈਕਲ ਸਵਾਰ ਦਾਦੀ ਦੀ ਮੌਤ ਹੋ ਗਈ ਤੇ ਉਸ ਦੀ ਪੋਤਰੀ ਜ਼ਖਮੀ ਹੋ ਗਈ, ਜਿਸ ਨੂੰ ਪ੍ਰਾਈਵੇਟ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮ੍ਰਿਤਕ ਦਾਦੀ ਦੀ ਪਛਾਣ ਦਰਸ਼ਨਾਂ ਦੇਵੀ (60) ਪਿੰਡ ਭੱਬਰ ਵਜੋਂ ਹੋਈ ਹੈ ਤੇ ਜ਼ਖਮੀ ਪੋਤਰੀ ਦਾ ਨਾਂਅ ਪ੍ਰੀਆ (19) ਹੈ।




# ਉਮੀਦਵਾਰ ਵੱਲੋਂ ਵੋਟਰਾਂ ਨੂੰ ਚੰਨ ਦੀ ਸੈਰ ਕਰਾਉਣ ਦਾ ਵਾਅਦਾ



ਮੁਦਰਾਇ, 28 ਮਾਰਚ (ਪੋਸਟ ਬਿਊਰੋ)- ਤਾਮਿਲ ਨਾਡੂ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਹਰ ਸਿਆਸੀ ਆਗੂ ਵੋਟਰਾਂ ਨੂੰ ਲੁਭਾਉਣ ਲਈ ਪ੍ਰਚਾਰ ਦੇ ਵੱਖ-ਵੱਖ ਤਰੀਕੇ ਅਪਣਾ ਰਿਹਾ ਹੈ ਅਤੇ ਇੱਕ ਤੋਂ ਵੱਧ ਕੇ ਇੱਕ ਵਾਅਦੇ ਕਰ ਰਿਹਾ ਹੈ। ਇੱਕ ਆਜ਼ਾਦ ਉਮੀਦਵਾਰ ਨੇ ਹੈਰਾਨ ਕਰਨ ਵਾਲੇ ਵਾਅਦਿਆਂ ਦੀ ਝੜੀ ਲਾ ਦਿੱਤੀ ਹੈ।

ਇਸ ਉਮੀਦਵਾਰ ਨੇ ਲੋਕਾਂ ਨੂੰ ਚੰਨ ਦੀ ਸੈਰ ਕਰਾਉਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਦੇ ਚੋਣ ਵਾਅਦੇ ਅਜੀਬ ਅਤੇ ਅਸੰਭਵ ਲੱਗ ਸਕਦੇ ਹਨ, ਪਰ ਉਮੀਦਵਾਰ ਆਰ ਸਰਵਨਣ ਦਾ ਕਹਿਣਾ ਹੈ ਕਿ ਚੰਨ ਦੀ 100 ਦਿਨਾਂ ਮੁਫਤ ਯਾਤਰਾ, ਮੁਫਤ ਆਈਫੋਨ ਅਤੇ ਇੱਥੋਂ ਤੱਕ ਕਿ ਇੱਕ ਛੋਟਾ ਹੈਲੀਕਾਪਟਰ ਦੇਣ ਦਾ ਵਾਅਦਾ ਉਸ ਵੱਲੋਂ ਪੱਕਾ ਹੈ। ਉਹ ਮਦੁਰਾਇ ਦੱਖਣ ਤੋਂ ਚੋਣ ਮੈਦਾਨ ਵਿੱਚ ਹੈ। ਸਰਵਨਣ ਨੇ ਵਿਧਾਇਕ ਚੁਣੇ ਜਾਣ ਉਤੇ ਹਰ ਪਰਿਵਾਰ ਦੇ ਬੈਂਕ ਖਾਤਿਆਂ ਵਿੱਚ ਇੱਕ ਕਰੋੜ ਰੁਪਏ ਸਾਲਾਨਾ ਜਮ੍ਹਾਂ ਕਰਾਉਣ ਦਾ ਵਾਅਦਾ ਵੀ ਕੀਤਾ ਹੈ। ਉਨ੍ਹਾਂ ਨੇ 14 ਚੋਣ ਵਾਅਦਿਆਂ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਘਰੇਲੂ ਕੰਮਾਂ ਵਿੱਚ ਮਦਦ ਕਰਨ ਲਈ ਮੁਫਤ ਰੋਬੋਟ, ਸਾਰਿਆਂ ਲਈ ਸਵੀਮਿੰਗ ਪੂਲ ਦੇ ਨਾਲ ਤਿੰਨ ਮੰਜ਼ਿਲਾ ਘਰ, ਇੱਕ ਛੋਟਾ ਹੈਲੀਕਾਪਟਰ, ਵਿਆਹ ਲਈ ਔਰਤਾਂ ਨੂੰ ਸੋਨੇ ਦੇ ਗਹਿਣੇ, ਹਰ ਪਰਵਾਰ ਦੇ ਲਈ ਇੱਕ ਕਿਸ਼ਤੀ ਅਤੇ ਨੌਜਵਾਨਾਂ ਨੂੰ ਆਪਣੇ ਵਪਾਰ ਸ਼ੁਰੂ ਕਰਨ ਲਈ ਇੱਕ ਕਰੋੜ ਰੁਪਏ ਦੇਣਾ ਸ਼ਾਮਲ ਹੈ। ਇਹੀ ਨਹੀਂ, ਉਨ੍ਹਾਂ ਨੇ ਇੱਕ ਪੁਲਾੜ ਖੋਜ ਸਟੇਸ਼ਨ ਅਤੇ ਇੱਕ ਰਾਕੇਟ ਲਾਂਚ ਪੈਡ ਤੋਂ ਇਲਾਵਾ ਆਪਣੇ ਚੋਣ ਖੇਤਰ ਨੂੰ ਠੰਢਾ ਰੱਖਣ ਲਈ 300 ਫੁੱਟ ਉਚ ਨਕਲੀ ਬਰਫ ਦਾ ਪਹਾੜ ਸਥਾਪਤ ਕਰਨ ਦਾ ਵਾਅਦਾ ਵੀ ਕੀਤਾ ਹੈ।

# ਬਰਡ ਫਲੂ ਨਾਲ ਪੌਂਗ ਡੈਮ ਝੀਲ ਵਿੱਚ ਫਿਰ ਪਰਵਾਸੀ ਪੰਛੀ ਮਰੇ

***ਟੂਰਿਸਟਾਂ ਦੇ ਆਉਣ ਉਤੇ ਪਾਬੰਦੀ ਲਾਈ ਗਈ**



ਨਗਰੋਟਾ ਸੂਰੀਆਂ, 28 ਮਾਰਚ (ਪੋਸਟ ਬਿਊਰੋ)- ਪੌਂਗ ਡੈਮ ਝੀਲ ਦੇ ਜੰਗਲੀ ਰੱਖ ਖੇਤਰ ਵਿੱਚ ਬਰਡ ਫਲੂ ਨਾਲ ਇੱਕ ਵਾਰ ਫਿਰ ਪਰਵਾਸੀ ਪੰਛੀ ਮਰਨੇ ਸ਼ੁਰੂ ਹੋ ਗਏ ਹਨ। ਬਰਡ ਫਲੂ ਦੇ ਦੂਸਰੇ ਰੂਪ ਦੇ ਸ਼ੱਕ ਕਾਰਨ ਜੰਗਲੀ ਜੀਵ ਵਿਭਾਗ ਨੇ ਝੀਲ ਵਿੱਚ ਟੂਰਿਸਟਾਂ ਦੇ ਆਉਣ ਉੱਤੇ ਕੱਲ੍ਹ ਪਾਬੰਦੀ ਲਾ ਦਿੱਤੀ ਹੈ।

ਬੀਤੇ ਸ਼ੁੱਕਰਵਾਰ ਨੂੰ ਨਗਰੋਟਾ ਸੂਰੀਆਂ ਬੀਟ ਦੇ ਤਹਿਤ ਰੈਂਸਰ ਟਾਪੂ ਨੂੰ ਜਾਣ ਵਾਲੇ ਦਲਦਲੀ ਰਸਤੇ ਵਿੱਚ ਅੱਠ ਵਿਦੇਸ਼ੀ ਪਰਿੰਦੇ ਬਾਰ ਹੈਡੇਡ ਗੂਜ ਉਤੇ ਮਰੇ ਹੋਏ ਮਿਲੇ ਸਨ। ਕੱਲ੍ਹ ਓਸੇ ਥਾਂ ਪੰਜ ਹੋਰ ਬਾਰ ਹੈਡੇਡ ਗੂਜ ਮਰੇ ਹੋਏ ਮਿਲੇ। ਵਾਈਲਡ ਲਾਈਫ ਦੇ ਡੀ ਐਫ ਓ (ਜ਼ਿਲਾ ਜੰਗਲਾਤ ਅਫਸਰ) ਰੋਹਨ ਰਹਾਣੇ ਨੇ ਦੱਸਿਆ ਕਿ ਇਸ ਝੀਲ ਵਿੱਚ ਕੁਝ ਹੀ ਵਿਦੇਸ਼ੀ ਪੰਛੀ ਬਾਕੀ ਹਨ, ਜਿਨ੍ਹਾਂ ਦੀ ਗਿਣਤੀ 1000 ਤੋਂ 1200 ਤੱਕ ਹੈ। ਇਹ ਲਗਾਤਾਰ ਸਾਇਬੇਰੀਆ ਮੁੜ ਰਹੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਪੰਛੀਆਂ ਦੀ ਮੌਤ ਦੇ ਲਛਣ ਬਰਡ ਫਲੂ ਵਰਗੇ ਹਨ। ਵਿਭਾਗ ਨੇ ਦੋ ਪੰਛੀਆਂ ਦੇ ਸੈਂਪਲ ਲੈ ਕੇ ਜਲੰਧਰ ਭੇਜੇ ਹਨ ਅਤੇ ਪੌਂਗ ਝੀਲ ਵਿੱਚ ਵਿਦੇਸ਼ੀ ਪਰਿੰਦਿਆਂ ਦੀ ਸੁਰੱਖਿਆ ਲਈ 10 ਟੀਮਾਂ ਲਾਈਆਂ ਹਨ।

# ਇੰਟਰਨੈੱਟ ਉਤੇ ਜੱਜਾਂ ਦੇ ਖਿਲਾਫ ਪੋਸਟ ਪਾਉਣੀ ਮਹਿੰਗੀ ਪਵੇਗੀ



ਪਣਜੀ, 28 ਮਾਰਚ (ਪੋਸਟ ਬਿਊਰੋ)- ਭਾਰਤ ਦੇ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਦਾ ਕਹਿਣਾ ਹੈ ਕਿ ਇੰਟਰਨੈਟ ਮੀਡੀਆ ਉਤੇ ਜੱਜਾਂ ਖਿਲਾਫ ਮਾੜੀ ਟਿੱਪਣੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਬੰਬੇ ਹਾਈ ਕੋਰਟ ਦੇ ਗੋਆ ਬੈਂਚ ਦੀ ਨਵੀਂ ਇਮਾਰਤ ਦੇ ਉਦਘਾਟਨ ਮੌਕੇ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਇੰਟਰਨੈਟ ਮੀਡੀਆ ਉੱਤੇ ਜੱਜਾਂ ਨੂੰ ਨਿਸ਼ਾਨਾ ਬਣਾਉਣਾ ਸਹੀ ਨਹੀਂ ਹੈ।ਇਸ ਮੌਕੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਸ ਏ ਬੋਬਡੇ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਮੁਹਿੰਮਾਂ ਪਿੱਛੇ ਕੁਝ ਲੋਕਾਂ ਦੇ ਆਪਣੇ ਸੁਆਰਥ ਹੁੰਦੇ ਹਨ। ਉਨ੍ਹਾਂ ਕਿਹਾ ਕਿ ਮੈਂ ਇੰਟਰਨੈਟ ਮੀਡੀਆ ਦਾ ਹਮਾਇਤੀ ਹਾਂ, ਇਹ ਮੀਡੀਆ ਲੋਕਾਂ ਨੂੰ ਮਜ਼ਬੂਤ ਬਣਾਉਂਦਾ ਹੈ। ਇੰਟਰਨੈਟ ਲੋਕਾਂ ਨੂੰ ਪ੍ਰਧਾਨ ਮੰਤਰੀ ਤੋਂ ਸਵਾਲ ਕਰਨ ਅਤੇ ਆਲੋਚਨਾ ਕਰਨ ਦੀ ਤਾਕਤ ਦਿੰਦਾ ਹੈ। ਇਹ ਸਿਹਤਮੰਦ ਲੋਕਤੰਤਰ ਦਾ ਇੱਕ ਅੰਗ ਹੈ। ਇਸ ਲਈ ਅਸੀਂ ਵੀ ਇਸ ਨੂੰ ਹੁਲਾਰਾ ਦਿੰਦੇ ਹਾਂ, ਪਰ ਬੀਤੇ ਦਿਨਾਂ ਵਿੱਚ ਇੱਕ ਅਜੀਬ ਰੁਝਾਨ ਸ਼ੁਰੂ ਹੋ ਗਿਆ ਹੈ। ਕੁਝ ਲੋਕ ਕਿਸੇ ਖਾਸ ਮੁੱਦੇ ਉਤੇ ਪਹਿਲਾਂ ਜਨਹਿਤ ਪਟੀਸ਼ਨ ਦਾਇਰ ਕਰਦੇ ਹਨ ਅਤੇ ਫਿਰ ਉਹ ਇੰਟਰਨੈਟ ਮੀਡੀਆ ਉਤੇ ਸਬੰਧਤ ਪਟੀਸ਼ਨ ਵਿੱਚ ਖਾਸ ਤਰ੍ਹਾਂ ਦੇ ਫੈਸਲੇ ਲਈ ਮੁਹਿੰਮ ਚਲਾਉਂਦੇ ਹਨ। ਜਦੋਂ ਫੈਸਲਾ ਉਨ੍ਹਾਂ ਦੇ ਪੱਖ ਦਾ ਨਹੀਂ ਆਉਂਦਾ ਤਾਂ ਇੰਟਰਨੈਟ ਮੀਡੀਆ ਉਤੇ ਨਾ ਸਿਰਫ ਜੱਜਾਂ ਖਿਲਾਫ ਟਿੱਪਣੀ ਕਰਦੇ ਹਨ, ਬਲਕਿ ਉਨ੍ਹਾਂ ਨੂੰ ਟ੍ਰੋਲ ਵੀ ਕਰਦੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕਿਸੇ ਫੈਸਲੇ ਦੀ ਆਲੋਚਨਾ ਕਰਨ ਦਾ ਪੂਰਾ ਹੱਕ ਹੈ, ਪਰ ਇਸ ਲਈ ਤੁਸੀਂ ਕਿਸੇ ਖਾਸ ਜੱਜ ਨੂੰ ਨਿਸ਼ਾਨਾ ਬਣਾ ਕੇ ਇੰਟਰਨੈਟ ਮੀਡੀਆ ਉਤੇ ਮੁਹਿੰਮ ਚਲਾਉਂਦੇ ਹੋ ਤਾਂ ਇਹ ਸਹੀ ਨਹੀਂ ਹੈ। ਜਸਟਿਸ ਬੋਬਡੇ ਨੇ ਗੋਆ ਵਿੱਚ ਬਰਾਬਰੀ ਵਾਲਾ ਨਾਗਰਿਕ ਜ਼ਾਬਤਾ ਲਾਗੂ ਕਰਨ ਦੀ ਸ਼ਲਾਘਾ ਕੀਤੀ ਹੈ।

# ਦਿੱਲੀ ਅਦਾਲਤ ਦਾ ਫੈਸਲਾ: ਪਤਨੀ ਨੂੰ ਗੁਜ਼ਾਰਾ-ਭੱਤਾ ਦੇਣ ਤੋਂ ਪਤੀ ਭੱਜ ਨਹੀਂ ਸਕਦਾ



ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ ਵੱਖ ਰਹਿ ਰਹੀ ਪਤਨੀ ਨੂੰ ਅੰਤ੍ਰਿਮ ਗੁਜ਼ਾਰਾ ਭੱਤਾ ਦੇਣ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਇੱਕ ਵਿਅਕਤੀ ਦੀ ਅਪੀਲ ਰੱਦ ਕਰ ਕੇ ਕਿਹਾ ਕਿ ਵਿਆਹੀ ਪਤਨੀ ਨੂੰ ਗੁਜ਼ਾਰਾ ਭੱਤਾ ਦੇਣਾ ਪਤੀ ਦੀ ਸਮਾਜਕ ਤੇ ਕਾਨੂੰਨੀ ਜ਼ਿੰਮੇਵਾਰੀ ਹੈ, ਜਿਸ ਤੋਂ ਪਤੀ ਭੱਜ ਨਹੀਂ ਸਕਦਾ।

ਅਦਾਲਤ ਨੇ ਆਪਣੇ ਫੈਸਲੇ ਵਿੱਚ ਇਹ ਵੀ ਕਿਹਾ ਕਿ ਪਤਨੀ ਪੜ੍ਹੀ ਲਿਖੀ ਹੈ, ਇਸ ਲਈ ਉਸ ਨੂੰ ਆਪਣੇ ਲਈ ਕੋਈ ਨੌਕਰੀ ਲੱਭਣੀ ਚਾਹੀਦੀ ਹੈ ਅਤੇ ਘਰ ਖਾਲੀ ਬੈਠ ਕੇ ਆਪਣੀ ਪ੍ਰਤਿਭਾ ਨੂੰ ਬਰਬਾਦ ਨਹੀਂ ਹੋਣ ਦੇਣਾ ਚਾਹੀਦਾ। ਚੀਫ ਜ਼ਿਲ੍ਹਾ ਅਤੇ ਸੈਸ਼ਨ ਜੱਜ ਸਵਰਣ ਕਾਂਤਾ ਸ਼ਰਮਾ ਨੇ ਕਿਹਾ ਕਿ ਮੈਜਿਸਟਰੇਟ ਅਦਾਲਤ ਦਾ ਇਹ ਹੁਕਮ ਸਹੀ ਹੈ ਕਿ ਪਤੀ ਆਪਣੀ ਪਤਨੀ ਨੂੰ ਅੰਤ੍ਰਿਮ ਗੁਜ਼ਾਰਾ ਭੱਤੇ ਦੇ ਤੌਰ 'ਤੇ ਵੀਹ ਹਜ਼ਾਰ ਰੁਪਏ ਦੇਵੇ। ਸੁਣਵਾਈ ਦੌਰਾਨ ਵਿਅਕਤੀ ਦੇ ਵਕੀਲ ਨੇ ਦਾਅਵਾ ਕੀਤਾ ਕਿ ਉਸ ਦੀ ਪਤਨੀ ਬਿਨਾਂ ਕਿਸੇ ਕਾਰਨ ਸਹੁਰੇ ਘਰ ਤੋਂ ਚਲੀ ਗਈ ਸੀ ਅਤੇ ਵਾਪਸ ਆਉਣ ਤੋਂ ਨਾਂਹ ਕਰ ਦਿੱਤੀ। ਅਦਾਲਤ ਨੇ ਇਸ ਦਲੀਲ ਨੂੰ ਨਹੀਂ ਮੰਨਿਆ।

# ਕੋਰੋਨਾ ਦੇ ਦੌਰ ਵਿੱਚ ਇਟਲੀ ਦੀ ਜਨਮ ਦਰ ਵੀ ਘਟਦੀ ਗਈ



ਮਿਲਾਨ, 28 ਮਾਰਚ (ਪੋਸਟ ਬਿਊਰੋ)- ਇਟਲੀ ਇਸ ਵਕਤ ਜਿੱਥੇ ਕੋਰੋਨਾ ਵਾਇਰਸ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੈ, ਉਥੇ ਸਾਲ 2020 ਦੇ ਕਾਫੀ ਨਵੇਂ ਤੱਥ ਸਾਹਮਣੇ ਆ ਰਹੇ ਹਨ। ਪਤਾ ਲੱਗਾ ਹੈ ਕਿ ਸਾਲ 2020 ਵਿੱਚ ਇਟਲੀ ਦੀ ਜਨਸੰਖਿਆ ਵਿੱਚ ਪਿਛਲੇ ਸਾਲ ਨਾਲੋਂ ਕਾਫੀ ਗਿਰਾਵਟ ਆਈ ਹੈ।

ਇਸ ਸੰਬੰਧ ਵਿੱਚ ਇਟਲੀ ਦੀ ਰਾਸ਼ਟਰੀ ਅੰਕੜਾ ਏਜੰਸੀ ਇਸਤਾਂਤ ਨੇ ਬੀਤੇ ਦਿਨੀਂ ਕਿਹਾ ਕਿ ਪਿਛਲੇ ਸਾਲ ਦੇ ਸ਼ੁਰੂ ਵਿੱਚ ਇਟਲੀ ਦੀ ਆਬਾਦੀ 31 ਦਸੰਬਰ 2020 ਨੂੰ ਲਗਭਗ 3,84,000 ਘੱਟ ਸੀ। ਅੰਕੜਾ ਏਜੰਸੀ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੇ ਪ੍ਰਭਾਵ ਨੇ 2015 ਤੋਂ ਪਿੱਛੋਂ ਇਟਲੀ ਦੀ ਆਬਾਦੀ ਦੇ ਘਟਦੇ ਰੁਝਾਨ ਨੂੰ ਹੋਰ ਵਧਾ ਦਿੱਤਾ ਹੈ। ਇਸਤਾਂਤ ਨੇ ਦੱਸਿਆ ਕਿ ਇਟਲੀ ਵਿੱਚ ਪਿਛਲੇ ਸਾਲ ਜਨਮ ਦਰ ਏਕੀਕਰਨ ਤੋਂ ਬਾਅਦ ਸਭ ਤੋਂ ਘੱਟ ਰਿਕਾਰਡ ਦਰਜ ਹੋਈ ਹੈ ਅਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ 2020 ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਾਲ 4,04,104 ਜਨਮ ਰਜਿਸਟਰ ਕੀਤੇ ਗਏ, ਜੋ ਸਾਲ 2019 ਤੋਂ ਲਗਭਗ 16,000 ਘੱਟ ਹਨ। ਇਹ ਹੀ ਨਹੀਂ, ਇਸਤਾਂਤ ਨੇ ਇਹ ਵੀ ਕਿਹਾ ਹੈ ਕਿ 2020 ਵਿੱਚ 7,46,146 ਮੌਤਾਂ ਰਜਿਸਟਰ ਹੋਈਆਂ, ਜੋ 2019 ਨਾਲੋਂ ਤਕਰੀਬਨ 1,12,000 ਵਧੇਰੇ ਹਨ, ਜੋ ਪਿਛਲੇ ਸਾਲ ਦੇ ਮੁਕਾਬਲੇ 17.6 ਫੀਸਦੀ ਵਧ ਹਨ।

ਵਰਨਣ ਯੋਗ ਹੈ ਕਿ ਇਟਲੀ ਵਿੱਚ ਕੋਵਿਡ 19 ਜਿੱਥੇ ਲੋਕਾਂ ਦਾ ਜਾਨੀ ਤੇ ਮਾਲੀ ਪੱਧਰ ਉੱਤੇ ਵੱਡਾ ਨੁਕਸਾਨ ਕਰ ਰਿਹਾ ਹੈ, ਉਥੇ ਇਹ ਰੋਗ ਲੋਕਾਂ ਦੇ ਵਿਆਹੁਤਾ ਜੀਵਨ ਵਿੱਚ ਖਟਾਸ ਪੈਦਾ ਕਰਨ ਵਿੱਚ ਵੱਡਾਰੋਲ ਨਿਭਾ ਰਿਹਾ ਹੈ। ਉਂਝ ਪਿਛਲੇ ਤਿੰਨ ਦਹਾਕਿਆਂ ਤੋਂ ਪਹਿਲਾਂ ਹੀ ਨੌਜਵਾਨ ਪੀੜ੍ਹੀ ਵਿੱਚ ਵਿਆਹ ਕਰਾਉਣ ਦਾ ਰੁਝਾਨ ਘਟਨਾ ਜਾ ਰਿਹਾ ਹੈ ਇਨ੍ਹਾਂ ਸਭ ਦੇ ਚੱਲਦਿਆਂ ਇਟਲੀ ਵਿੱਚ ਬੱਚਿਆਂ ਦੀ ਜਨਮ ਦਰ ਹੇਠਾਂ ਵੱਲ ਜਾ ਰਹੀ ਹੈ।

# ਅੰਦੋਲਨ ਵਿੱਚ ਪਹੁੰਚੇ ਬਠਿੰਡਾ ਦੇ ਕਿਸਾਨ ਦੀ ਗਲਾ ਵੱਢ ਕੇ ਹੱਤਿਆ

ਬਹਾਦੁਰਗੜ੍ਹ, 28 ਮਾਰਚ (ਪੋਸਟ ਬਿਊਰੋ)- ਅੰਦੋਲਨ ਵਿੱਚ ਗਏ ਬਠਿੰਡਾ ਜ਼ਿਲੇ ਦੇ ਇੱਕ ਕਿਸਾਨ ਦੀ ਬਹਾਦੁਰਗੜ੍ਹ ਦੇ ਬਾਈਪਾਸ ਉੱਤੇ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ ਹੈ। ਰੋਡਵੇਜ਼ ਦੀ ਬਣ ਰਹੀ ਵਰਕਸ਼ਾਪ ਦੇ ਪਿੱਛੇ ਲਹੂ ਲੁਹਾਨ ਹਾਲਤ ਵਿੱਚ ਮਿਲੀ ਲਾਸ਼ ਕੋਲੋਂ ਆਧਾਰ ਕਾਰਡ ਮਿਲਿਆ ਹੈ।

ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਹੁਕਮ ਸਿੰਘ ਪੁੱਤਰ ਛੋਟਾ ਸਿੰਘ ਵਾਸੀ ਬਲੌਹ, ਬਠਿੰਡਾ (ਪੰਜਾਬ) ਵਜੋਂ ਹੋਈ ਹੈ। ਸ਼ੱਕ ਹੈ ਕਿ ਹੱਤਿਆ ਦਿਨ ਵੇਲੇ ਕੀਤੀ ਗਈ। ਕੱਲ੍ਹ ਸ਼ਾਮ ਬਾਈਪਾਸ ਤੋਂ ਕਰੀਬ ਅੱਧਾ ਕਿਲੋਮੀਟਰ ਅੰਦਰ ਖੇਤਾਂ ਵਿੱਚ ਲਹੂ ਲੁਹਾਨ ਹਾਲਤ ਵਿੱਚ ਜਿੱਥੇ ਲਾਸ਼ ਮਿਲੀ, ਉਸ ਤੋਂ ਕਰੀਬ ਤੀਹ ਫੁੱਟ ਦੂਰ ਖਾਲੀ ਗਿਲਾਸ ਅਤੇ ਕੁਝ ਪਾਊਚ ਮਿਲੇ। ਪੁਲਸ ਨੂੰ ਸ਼ੱਕ ਹੈ ਕਿ ਪਹਿਲਾਂ ਮ੍ਰਿਤਕ ਨੂੰ ਸ਼ਰਾਬ ਪਿਲਾਈ ਗਈ ਤੇ ਫਿਰ ਉਸ ਦੀ ਹੱਤਿਆ ਕੀਤੀ ਗਈ। ਗਰਦਨ ਦੇ ਸੱਜੇ ਪਾਸੇ ਕਿਸੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤਾ ਗਿਆ ਹੈ। ਅੱਧੀ ਗਰਦਨ ਵੱਢੀ ਹੋਈਸੀ। ਪੁਲਸ ਮੰਨ ਰਹੀ ਹੈ ਕਿ ਹੱਤਿਆ ਵਿੱਚ ਕਿਸੇ ਨਜ਼ਦੀਕੀ ਦਾ ਹੀ ਹੱਥ ਹੈ।

# ਪਾਕਿਸਤਾਨ ਸਰਕਾਰ ਦਾਊਦ ਦੇ ਕਰੀਬੀ ਨੂੰ ਬਚਾਉਣ ਵਿੱਚ ਰੁੱਝੀ





ਲੰਡਨ, 28 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੀਆਂ ਖੁਫੀਆ ਏਜੰਸੀਆਂ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਦੇ ਮੁੱਖ ਫਾਈਨਾਂਸ ਮੈਨੇਜਰ ਡਰੱਗ ਆਪਰੇਟਰ ਜਾਬਿਰ ਮੋਤੀਵਾਲਾ ਦੀ ਅਮਰੀਕਾ ਹਵਾਲਗੀ ਨੂੰ ਰੋਕਣ ਦੇ ਲਈ ਜ਼ੋਰ ਲਾ ਰਹੀਆਂ ਹਨ, ਜਦ ਕਿ ਅਮਰੀਕਾ ਉਸ ਨੂੰ ਆਪਣੇ ਦੇਸ਼ ਲਿਜਾਣ ਲਈ ਉਤਾਵਲਾ ਹੈ।

ਭਾਰਤੀ ਖੁਫੀਆ ਏਜੰਸੀਆਂ ਦੀ ਸੂਚਨਾ ਮੁਤਾਬਕ ਲੰਡਨ ਵਿੱਚ ਪਾਕਿਸਤਾਨੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਜਾਬਿਰ ਮੋਤੀਵਾਲਾ ਦੇ ਵਕੀਲਾਂ ਨਾਲ ਦੇਖਿਆ ਗਿਆ ਹੈ। ਇਨ੍ਹਾਂ ਵਕੀਲਾਂ ਨੇ ਆਖਰੀ ਕੋਸ਼ਿਸ਼ ਲਈ ਬ੍ਰਿਟਿਸ਼ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਤਾਂ ਜੋ ਅਮਰੀਕਾ ਵਿੱਚ ਕਿਸੇ ਵੀ ਤਰ੍ਹਾਂ ਨਾਲ ਕੇਸ ਦੀ ਸੁਣਵਾਈ ਤੋਂ ਜਾਬਿਰ ਮੋਤੀਵਾਲਾ ਨੂੰ ਬਚਾਇਆ ਜਾ ਸਕੇ। ਖੁਫੀਆ ਸੂਤਰਾਂ ਮੁਤਾਬਕ ਜੇ ਹਾਈ ਕੋਰਟ ਨੇ ਜਾਬਿਰ ਮੋਤੀਵਾਲਾ ਦੀ ਹਵਾਲਗੀ ਮਨਜ਼ੂਰ ਕਰ ਲਈ ਤਾਂ ਉਸ ਉੱਤੇ ਅਮਰੀਕਾ ਦੀ ਕੋਰਟ ਵਿੱਚ'ਡੀ ਕੰਪਨੀ' (ਦਾਊਦ ਇਬਰਾਹੀਮ ਦਾ ਗੈਂਗ)ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ (ਆਈ ਐਸ ਆਈ) ਅਤੇ ਪੂਰੇ ਅੰਡਰਵਰਲਡ ਆਪਰੇਸ਼ਨ ਨਾਲ ਜੁੜਿਆ ਕੁਨੈਕਸ਼ਨ ਖੁੱਲ੍ਹ ਜਾਏਗਾ।

ਇਸ ਬਾਰੇ ਭਾਰਤ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਜਾਬਿਰ ਮੋਤੀਵਾਲਾ ਨਾਲ ਜੁੜੇ ਇਸ ਕੇਸ ਦੀ ਸੁਣਵਾਈ ਤੋਂ ਪਤਾ ਚੱਲੇਗਾ ਕਿ ਮੁੰਬਈ ਬੰਬ ਧਮਾਕਿਆਂ ਦੇ ਕੇਸ ਵਿੱਚ ਲੋੜੀਂਦਾ ਸੰਸਾਰਕ ਅੱਤਵਾਦੀ ਦਾਊਦ ਕਰਾਚੀ ਤੋਂ ਹੀ ਆਪਣਾ ਕੰਮ ਕਿਸ ਤਰ੍ਹਾਂ ਕਰ ਰਿਹਾ ਹੈ ਅਤੇ ਕਿਵੇਂ ਆਈ ਐਸ ਆਈ ਦੀ ਸੁਰੱਖਿਆ ਵਾਲੇ ਅੱਤਵਾਦੀ ਸੰਗਠਨਾਂ ਨਾਲ ਡਰੱਗਸ ਰੂਟ ਸਾਂਝੇ ਕਰਦਾ ਹੈ। ਦਾਊਦ ਇਬਰਾਹੀਮ ਲਈ ਕੰਮ ਕਰਨ ਵਾਲਾ ਮੋਤੀਵਾਲਾ ਪਾਕਿਸਤਾਨੀ ਨਾਗਰਿਕ ਹੈ ਅਤੇ ਮੌਜੂਦਾ ਸਮੇਂ ਵਿੱਚ ਦੱਖਣੀ-ਪੱਛਮੀ ਲੰਡਨ ਦੀ ਵੈਂਡਸਵਰਥ ਜੇਲ੍ਹ ਵਿੱਚ ਬੰਦ ਹੈ।

# ਅਦਾਲਤ ਨੇ ਜ਼ਮਾਨਤ ਦੇ ਦਿੱਤੀ, ਸ਼ਿਕਾਇਤਕਰਤਾ ਨੇ ਧਰਮ ਗੁਰੂ ਵੱਢ ਸੁੱਟਿਆ

ਲਾਹੌਰ, 28 ਮਾਰਚ (ਪੋਸਟ ਬਿਊਰੋ)- ਜਿਹੜੇ ਧਾਰਮਿਕ ਵਿਅਕਤੀ ਨੇ ਸਾਲ 2019 ਵਿੱਚ ਇਸਲਾਮ ਬਾਰੇ ਅਪਸ਼ਬਦ ਕਹਿਣ ਦਾ ਜੁਰਮ ਅਦਾਲਤ ਵਿੱਚ ਮੰਨਿਆ ਸੀ, ਉਸ ਉੱਤੇ ਕੁਹਾੜੀ ਨਾਲ ਹਮਲਾ ਕਰ ਕੇ ਸ਼ਿਕਾਇਤਕਰਤਾ ਨੇ ਖੁਦ ਹੀ ਉਸ ਦੀ ਹੱਤਿਆ ਕਰ ਦਿੱਤੀ ਹੈ, ਕਿਉਂਕਿ ਅਦਾਲਤ ਨੇਉਸ ਨੂੰ ਜ਼ਮਾਨਤ ਦੇ ਦਿੱਤੀ ਸੀ।

ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਧਾਰਮਿਕ ਆਗੂ ਤਾਰਿਕ ਸ਼ਾਹ, ਬਸਤੀ ਮੁਰਾਦ ਜ਼ਿਲਾ ਜੰਗ ਵਿਰੁੱਧ ਜਨਵਰੀ 2019 ਵਿੱਚ ਇਸਲਾਮ ਧਰਮ ਦੇ ਖਿਲਾਫ ਮਾੜੇ ਸ਼ਬਦ ਵਰਤਣ ਦੇ ਕਾਰਨ ਕੁਫਰ ਦੇ ਕਾਨੂੰਨ ਅਧੀਨ ਕੇਸ ਦਰਜ ਕੀਤਾ ਗਿਆ ਸੀ। ਤਾਰਿਕ ਸ਼ਾਹ ਨੇ ਅਦਾਲਤ ਵਿੱਚ ਆਪਣਾ ਜੁਰਮ ਕਬੂਲ ਕਰ ਲਿਆ ਸੀ, ਇਸ ਦੇ ਬਾਵਜੂਦ ਅਦਾਲਤ ਨੇ ਉਸ ਨੂੰ ਜ਼ਮਾਨਤ ਉੱਤੇ ਛੱਡ ਦਿੱਤਾ। ਇਸ ਕਾਰਨ ਤਾਰਿਕ ਸ਼ਾਹ ਦੇ ਖਿਲਾਫ ਸ਼ਿਕਾਇਤ ਕਰਨ ਵਾਲਾ ਸੁਲਤਾਨ ਮੁਹੰਮਦ ਓਦੋਂ ਤੋਂ ਨਾਰਾਜ਼ ਚੱਲ ਰਿਹਾ ਸੀ। ਕੱਲ੍ਹ ਤਾਰਿਕ ਸ਼ਾਹ ਆਪਣੇ ਦੋਸਤ ਹੁਸੈਨ ਨਾਲ ਮੋਟਰ ਸਾਈਕਲ ਉੱਤੇ ਸੋਰਕੋਟ ਕਸਬੇ ਵਿੱਚ ਚੱਲਦੇ ਇੱਕ ਮੇਲੇ ਵਿੱਚ ਘੁੰਮ ਰਿਹਾ ਸੀ ਕਿ ਸੁਲਤਾਨ ਮੁਹੰਮਦ ਨੇ ਆਪਣੇ ਤਿੰਨ ਸਾਥੀਆਂ ਨਾਲ ਤਾਰਿਕ ਅਤੇ ਹੁਸੈਨ ਉੱਤੇ ਹਮਲਾ ਕਰ ਦਿੱਤਾ। ਦੋਵੇਂ ਮੋਟਰ ਸਾਈਕਲਾਂ ਤੋਂ ਜਦ ਹੇਠਾਂ ਡਿੱਗ ਗਏ ਤਾਂ ਹੁਸੈਨ ਮੌਕੇ ਤੋਂ ਭੱਜ ਗਿਆ, ਪਰ ਤਾਰਿਕ ਸ਼ਾਹ ਦੀ ਸੁਲਤਾਨ ਮੁਹੰਮਦ ਨੇ ਕੁਹਾੜੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਨੇ ਸੁਲਤਾਨ ਮੁਹੰਮਦ ਨੂੰ ਗ੍ਰਿਫਤਾਰ ਕਰ ਲਿਆ, ਪਰ ਉਸ ਦੇ ਸਾਥੀ ਫਰਾਰ ਹਨ। ਸੁਲਤਾਨ ਮੁਹੰਮਦ ਨੇ ਮੰਨ ਲਿਆ ਕਿ ਤਾਰਿਕ ਨੂੰ ਅਦਾਲਤ ਤੋਂ ਜ਼ਮਾਨਤ ਮਿਲਣ ਕਾਰਨ ਉਹ ਦੁਖੀ ਸੀ ਅਤੇ ਇਸੇ ਲਈ ਤਾਰਿਕ ਦੀ ਉਸ ਨੇ ਹੱਤਿਆ ਕੀਤੀ ਹੈ ਤੇ ਇਸਲਾਮ ਵਿੱਚ ਕੁਫਰ ਦੇ ਦੋਸ਼ੀ ਦੀ ਹੱਤਿਆ ਕਰਨਾ ਪਾਪ ਅਤੇ ਅਪਰਾਧ ਨਹੀਂ ਗਿਣਿਆ ਜਾ ਸਕਦਾ।


# ਲਿਓਨਾਰਦੋ ਇਸ ਵਕਤ 14ਵੀਂ ਡਿਗਰੀ ਕਰ ਰਿਹੈ



ਮਿਲਾਨ, 28 ਮਾਰਚ (ਪੋਸਟ ਬਿਊਰੋ)- ਕਹਿੰਦੇ ਹਨ ਕਿ ਵਿੱਦਿਆ ਵੀਚਾਰੀ ਤਾਂ ਪਰਉਪਕਾਰੀ ਤੇ ਵਿਦਿਆ ਹਾਸਲ ਕਰਨ ਲਈ ਕੋਈ ਉਮਰ ਮਾਇਨੇ ਨਹੀਂ ਰੱਖਦੀ, ਸਗੋਂ ਆਤਮ ਵਿਸ਼ਵਾਸ, ਸਖਤ ਮਿਹਨਤ ਅਤੇ ਲਗਨ ਜ਼ਰੂਰੀ ਹੋਣੀ ਚਾਹੀਦੀ ਹੈ। ਅਜਿਹਾ ਹੀ ਇੱਕ ਇਟਾਲੀਅਨ ਮੂਲ ਦਾ ਵਿਅਕਤੀ ਕਰ ਕੇ ਦਿਖਾ ਰਿਹਾ ਹੈ।

ਇਟਲੀ ਦੇ ਸੂਬਾ ਪੂਲੀਆ ਦੇ ਸ਼ਹਿਰ ਫੋਜਾਂ ਨੇੜੇ ਪਿੰਡ ਤਰੋਈਆ ਦਾ 88 ਸਾਲਾਂ ਦਾ ਡਾਕਟਰ ਆਪਣੀ 14ਵੀਂ ਯੂਨੀਵਰਸਿਟੀ ਡਿਗਰੀ ਲਈ ਪੜ੍ਹਾਈ ਕਰ ਰਿਹਾ ਹੈ। ਸੇਵਾਮੁਕਤ ਪਰਵਾਰਕ ਡਾਕਟਰ ਅਤੇ ਸਾਬਕਾ ਮੇਅਰ ਲਿਓਨਾਰਦੋ ਅਲਟੋਬੇਲੀ 15 ਮਾਰਚ ਨੂੰ 89 ਸਾਲ ਦੇ ਹੋਏ ਹਨ। ਉਨ੍ਹਾਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਮੈਂ ਦੁਨੀਆ ਦਾ ਸਭ ਤੋਂ ਪੁਰਾਣਾ ਵਿਦਿਆਰਥੀ ਤੇ ਸਭ ਤੋਂ ਵੱਧ ਯੋਗਤਾ ਪ੍ਰਾਪਤ ਹਾਂ। ਉਨ੍ਹਾਂ ਆਪਣੀਆਂ 13 ਡਿਗਰੀਆਂ ਦੇ ਨਾਲ ਕ੍ਰਿਮੀਨੋਲੋਜੀ ਵਿੱਚ ਇੱਕ ਮਾਸਟਰਜ਼ ਵੀ ਕੀਤੀ ਹੈ, ਜੋ ਉਸ ਨੇ ਪਿੱਛੇ ਜਿਹੇ ਹੈਂਗਿੰਗ ਨਾਂਅ ਦਾ ਥੀਸਸ ਪੇਸ਼ ਕਰ ਕੇ ਫੌਜੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਹੈ। ਲਿਓਨਾਰਦੋ ਨੇ ਆਪਣੀ 14ਵੀਂ ਡਿਗਰੀ ਖੋਜ ਵਿਗਿਆਨ ਵਿੱਚ ਇੱਕ ਕੋਰਸ ਸ਼ੁਰੂ ਕੀਤਾ ਅਤੇ ਆਪਣੀ ਡਾਕਟਰੀ ਦੀ ਪਹਿਲੀ ਡਿਗਰੀ ਸੰਨ 1969 ਵਿੱਚ ਇਟਲੀ ਦੇ ਸੀਏਨਾ ਸ਼ਹਿਰ ਦੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਸੀ। ਉਸ ਦੀਆਂ ਹੋਰ ਡਿਗਰੀਆਂ ਵਿੱਚ ਕਾਨੂੰਨ, ਰਾਜਨੀਤੀ ਵਿਗਿਆਨ, ਸਾਹਿਤ, ਦਰਸ਼ਨ, ਪੁਰਾਤੱਤਵ, ਪੈਡੋਗਲੋਜੀ ਦੀ ਦੋਹਰੀ ਡਿਗਰੀ, ਖੇਤੀਬਾੜੀ ਵਿਗਿਆਨ, ਭੋਜਨ ਵਿਗਿਆਨ ਅਤੇ ਟੈਕਨਾਲੋਜੀ, ਸੈਰ ਸਪਾਟਾ, ਇਤਿਹਾਸ ਅਤੇ ਜੀਵ-ਤਕਨਾਲੋਜੀ ਸ਼ਾਮਲ ਹਨ।

# ਸਕਾਟਲੈਂਡ ਦੇ ਆਗੂਆਂ ਨੇ ਆਪਣੇ ਧਾਰਮਿਕ ਅਸਥਾਨ ਖੋਲ੍ਹਣ ਲਈ ਕੇਸ ਜਿੱਤਿਆ



ਗਲਾਸਗੋ, 28 ਮਾਰਚ (ਪੋਸਟ ਬਿਊਰੋ)- ਸਕਾਟਲੈਂਡ ਵਿੱਚ ਚਾਰ ਜਨਵਰੀ ਤੋਂ ਦੁਬਾਰਾ ਤਾਲਾਬੰਦੀ ਲੱਗਣ ਕਰਕੇ ਪੂਜਾ, ਪ੍ਰਾਰਥਨਾ ਲਈ ਧਾਰਮਿਕ ਸਥਾਨ ਬੰਦ ਕੀਤੇ ਗਏ ਸਨ। ਓਥੋਂ ਦੇ 27 ਚਰਚ ਆਗੂਆਂ ਨੇ ਅਦਾਲਤ ਵਿੱਚ ਕੇਸ ਕੀਤਾ ਸੀ ਕਿ ਸਰਕਾਰ ਉਨ੍ਹਾਂ ਦੀ ਪ੍ਰਾਰਥਨਾ ਕਰਨ ਦੀ ਧਾਰਮਿਕ ਅਜ਼ਾਦੀ ਉੱਤੇ ਰੋਕ ਨਹੀਂ ਲਾ ਸਕਦੀ। ਐਡਨਬਰਾ ਦੀ ਅਦਾਲਤ ਦੇ ਜੱਜ ਲਾਰਡ ਬਰੇਡ ਨੇ ਗਿਰਜਾ-ਘਰ ਆਗੂਆਂ ਦੇ ਹੱਕ ਵਿੱਚ ਫ਼ੈਸਲਾ ਦਿੰਦੇ ਹੋਏ ਪਾਠ-ਪੂਜਾ, ਪ੍ਰਾਰਥਨਾ ਲਈ ਗਿਰਜਾ-ਘਰ, ਗੁਰਦੁਆਰੇ, ਮਸਜਿਦ, ਮੰਦਰ ਆਦਿ ਧਾਰਮਿਕ ਸਥਾਨ ਖੋਲ੍ਹੇ ਜਾ ਸਕਦੇ ਹਨ।

ਜੱਜ ਨੇ ਕਿਹਾ ਕਿ ਸਕਾਟਲੈਂਡ ਸਰਕਾਰ ਨੇ ਕੋਵਿਡ ਨਿਯਮਾਂ ਰਾਹੀਂ ਲੋਕਾਂ ਦੀ ਧਾਰਮਿਕ ਅਜ਼ਾਦੀ ਵਿੱਚ ਅਸਧਾਰਨ ਢੰਗ ਨਾਲ ਦਖ਼ਲ ਦਿੱਤਾ ਹੈ ਤੇ ਧਾਰਮਿਕ ਆਸਥਾ ਰੱਖਣ ਵਾਲਿਆਂ ਉੱਤੇ ਪਾਬੰਦੀਆਂ ਲਾਉਣਾ ਅਸੰਭਵ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਾਰਥਨਾ ਲਈ ਇਕੱਠ ਕਰਕੇ ਦੂਜੇ ਲੋਕਾਂ ਦੀ ਜਾਨ ਖ਼ਤਰੇ ਵਿੱਚ ਪਾਉਣਾ ਸੁਰੱਖਿਅਤ ਨਹੀਂ। ਲੋਕਾਂ ਨੂੰ ਬਿਮਾਰੀ ਤੋਂ ਸੁਰੱਖਿਅਤ ਰੱਖਣ ਲਈ ਸੀਮਤ ਗਿਣਤੀ ਵਿੱਚ ਜ਼ਰੂਰੀ ਫ਼ਾਸਲਾ ਰੱਖ ਕੇ ਪ੍ਰਾਰਥਨਾ ਦਾ ਅਧਿਕਾਰ ਦਿੱਤਾ ਜਾ ਸਕਦਾ ਹੈ। ਅਦਾਲਤ ਨੇ ਇਹ ਫ਼ੈਸਲਾ ਓਦੋਂ ਦਿੱਤਾ ਹੈ, ਜਦੋਂ ਸਕਾਟਲੈਂਡ ਸਰਕਾਰ ਨੇ 26 ਮਾਰਚ ਤੋਂ ਧਾਰਮਿਕ ਸਥਾਨਾਂ ਵਿੱਚ ਜ਼ਰੂਰੀ ਸਮਾਜਿਕ ਦੂਰੀ ਰੱਖ ਕੇ ਵੱਧ ਤੋਂ ਵੱਧ 50 ਵਿਅਕਤੀਆਂ ਲਈ ਪ੍ਰਾਰਥਨਾ ਲਈ ਧਾਰਮਿਕ ਸਥਾਨ ਖੋਲ੍ਹਣ ਦਾ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ। ਕੱਲ੍ਹ ਤੋਂ ਸਕਾਟਲੈਂਡ ਦੇ ਸਾਰੇ ਗੁਰਦੁਆਰਾ ਸਾਹਿਬ ਸੰਗਤਾਂ ਦੇ ਲਈ ਸਰਕਾਰੀ ਹਦਾਇਤਾਂ ਅਨੁਸਾਰ ਖੋਹਲੇ ਜਾਣਗੇ ਅਤੇ ਗੁਰਦੁਆਰਾ ਕਮੇਟੀਆਂ ਨੇ ਸੰਗਤਾਂ ਨੂੰ ਸਰਕਾਰੀ ਹਦਾਇਤਾਂ ਨੂੰ ਮੁੱਖ ਰੱਖ ਕੇ ਹੀ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਅਤੇ ਅਰਦਾਸ ਕਰਨ ਦੀ ਅਪੀਲ ਕੀਤੀ ਹੈ।

# ਪਾਕਿ ਨੇ ਪਹਿਲੀ ਵਾਰ ਦੁਨੀਆ ਨੂੰ ਨਵਾਂ ਡ੍ਰੋਨ ਦਿਖਾਇਆ



ਇਸਲਾਮਾਬਾਦ, 28 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਨੇ ਪਹਿਲੀ ਵਾਰ ਆਪਣੀ ਸ਼ਾਹਪਾਰ-2 ਡ੍ਰੋਨ ਨੂੰ ਦੁਨੀਆ ਦੇ ਸਾਹਮਣੇ ਪ੍ਰਦਰਸ਼ਿਤ ਕੀਤਾ ਹੈ। ਇਹ ਡ੍ਰੋਨ ਸ਼ਾਹਪਾਰ-1 ਦਾ ਅਪਗ੍ਰੇਡੇਡ ਵਰਜਨ ਹੈ, ਜੋ 300 ਕਿਲੋਮੀਟਰ ਦੀ ਦੂਰੀ ਤੱਕ ਉਡਾਣ ਭਰ ਸਕਦਾ ਹੈ। ਪਾਕਿਸਤਾਨ ਨੇ ਇਸ ਡ੍ਰੋਨ ਨੂੰ 23 ਮਾਰਚ ਨੂੰ ਨੈਸ਼ਨਲ ਡੇ ਪਰੇਡ ਦੌਰਾਨ ਦਿਖਾਇਆ ਸੀ। ਉਸਨੇ ਦਾਅਵਾ ਕੀਤਾ ਹੈ ਕਿ ਇਹ ਡ੍ਰੋਨ 14 ਘੰਟੇ ਤੱਕ ਹਵਾ ਵਿੱਚ ਉੱਡ ਸਕਦਾ ਹੈ।

ਇਹ ਡਰੋਨ ਪਾਕਿਸਤਾਨ ਦੀ ਗਲੋਬਲ ਇੰਡਸਿਟ੍ਰੀਅਲ ਡਿਫੈਂਸ ਸਾਲਊਸ਼ਨਸ ਨਾਮ ਦੀ ਕੰਪਨੀ ਨੇ ਬਣਾਇਆ ਹੈ। ਪਾਕਿਸਤਾਨੀ ਰੱਖਿਆ ਮੰਤਰਾਲੇ ਨੇ ਸ਼ਾਹਪਾਰ-1 ਨੂੰ ਸਾਲ 2023 ਵਿੱਚ ਪਹਿਲੀ ਵਾਰ ਪਾਕਿਸਤਾਨੀ ਸੈਨਾ ਅਤੇ ਹਵਾਈ ਸੈਨਾ ਵਿੱਚ ਅਧਿਕਾਰਿਕ ਰੂਪ ਨਾਲ ਸ਼ਾਮਲ ਕੀਤਾ ਸੀ। ਪਾਕਿਸਤਾਨ ਇਸ ਡ੍ਰੋਨ ਨੂੰ ਭਾਰਤ ਨਾਲ ਲੱਗੀ ਸੀਮਾ ਉੱਤੇ ਬਹੁਤ ਵੱਡੀ ਗਿਣਤੀ ਵਿੱਚ ਆਪਰੇਟ ਕਰਦਾ ਹੈ। ਇਸ ਦੇ ਇਲਾਵਾ ਪਾਕਿਸਤਾਨੀ ਸੈਨਾ ਅਫਗਾਨਿਸਤਾਨ ਦੇ ਬਾਰਡਰ ਉੱਤੇ ਵੀ ਇਸਦਾ ਇਸਤੇਮਾਲ ਕਰਦੀ ਹੈ। ਮੀਡੀਅਮ ਰੇਂਜ ਦੇ ਇਸ ਯੂ ਏ ਵੀ ਨੂੰ ਪਾਕਿਸਤਾਨ ਨੇ ਨੈਸ਼ਨਲ ਇੰਜੀਨਿਅਰਿੰਗ ਐਂਡ ਸਾਇੰਟਿਫਿਕ ਕਮਿਸ਼ਨ ਦੇ ਸਹਿਯੋਗ ਨਾਲ ਵਿਕਸਿਤ ਕੀਤਾ ਹੈ।

## ਨੈਨੀ ਦੀ ਲੋੜ

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ

6472055909, 9057897783

## ਨਰਸਰੀ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ

ਨਰਸਰੀ ਵਿਚ ਕੰਮ ਕਰਨ ਲਈ ਕੁੱਝ ਵਰਕਰਾਂ ਦੀ ਲੋੜ ਹੈ। ਫਾਰਮਾਂ ਵਿਚ ਵੀ ਕੁੱਝ ਕਾਮੇ ਚਾਹੀਦੇ ਹਨ। ਵਧੀਆ ਪੈਸੇ ਦਿੱਤੇ ਜਾਣਗੇ।

ਬਰੈਂਪਟਨ, ਕੈਲੇਡਨ ਤੇ ਮਾਲਟਨ ਏਰੀਆ ਦੇ ਲੋਕਾਂ ਨੂੰ ਪਹਿਲ

ਸੰਪਰਕ: 6473913365


# ਫਿਲੌਰ ਦੀ ਮਹਿਲਾ ਦੀ ਪੁਕਾਰ: ਐਸ ਐਸ ਪੀ ਸਾਹਿਬ! ਮੇਰੇ ਪਤੀ ਦਾ ਕਤਲ ਹੋਇਐ

ਜਲੰਧਰ, 28 ਮਾਰਚ (ਪੋਸਟ ਬਿਊਰੋ)- ਪਿੰਡ ਨਵਾਂ ਖਹਿਰਾ ਬੇਟ ਫਿਲੌਰ ਵਿੱਚ ਦੋ ਸਾਲ ਪਹਿਲਾਂ ਲਾਪਤਾ ਹੋਏ ਜਰਨੈਲ ਸਿੰਘ ਦੀ ਪਤਨੀ ਦਰਸ਼ਨਾ ਨੇ ਆਪਣੇ ਪਤੀ ਦਾ ਕਤਲ ਹੋਣ ਦਾ ਸ਼ੱਕ ਕਰਦੇ ਹੋਏ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਦੋ ਸਾਲਾਂ ਤੋਂ ਇਨਸਾਫ ਲਈ ਦਰ-ਦਰ ਭਟਕ ਰਹੀ ਦਰਸ਼ਨਾਂ ਨੂੰ ਐਸ ਐਸਪੀ ਡਾਕਟਰ ਸੰਦੀਪ ਗਰਗ ਨੇ ਇਸ ਕੇਸ ਦੀ ਜਾਂਚ ਕਰਵਾ ਕੇ ਜਲਦੀ ਇਨਸਾਫ ਦੇਣ ਦੀ ਗੱਲ ਕਹੀ ਹੈ।

ਦਰਸ਼ਨਾ ਦੇ ਨਾਲ ਆਏ ਵਕੀਲ ਹਰਭਜਨ ਸਾਂਪਲਾ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਜਰਨੈਲ ਸਿੰਘ ਦੀ ਹੱਤਿਆ ਕੀਤੀ ਗਈ ਸੀ। ਇਸ ਬਾਰੇ ਦਰਸ਼ਨਾ ਨੇ ਪਹਿਲਾਂ ਆਪਣੇ ਪਤੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਿੱਤੀ, ਪਰ ਪਿੱਛੋਂ ਪਤਾ ਲੱਗਾ ਕਿ ਸ਼ਰਾਬ ਤਸਕਰਾਂ ਦਾ ਵਿਰੋਧ ਕਰਨ ਉੱਤੇ ਲਾਹਣ ਵੇਚਣ ਵਾਲਿਆਂ ਨੇ ਉਸ ਨੂੰ ਮਾਰ ਕੇ ਲਾਸ਼ ਖੁਰਦ ਬੁਰਦ ਕਰ ਦਿੱਤੀ ਸੀ। ਉਸ ਨੇ ਕਿਹਾ ਕਿ ਕਾਤਲ ਉਨ੍ਹਾਂ ਨੂੰ ਸ਼ਰੇਆਮ ਧਮਕੀਆਂ ਦੇਂਦੇ ਅਤੇ ਜਾਨ ਤੋਂ ਮਾਰ ਦੇਣ ਦੀ ਨੀਤ ਨਾਲ ਘੁੰਮ ਰਹੇ ਹਨ। ਬੀਤੇ ਦਿਨ ਦਰਸ਼ਨਾ ਆਪਣੇ ਰਿਸ਼ਤੇਦਾਰਾਂ ਅਤੇ ਪੰਚਾਇਤ ਮੈਂਬਰਾਂ ਦੇ ਨਾਲ ਐਸ ਐਸ ਪੀ ਨੂੰ ਮਿਲੀ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
Services: • Complete Basement • Tiles • Bathrooms • Plumbing • Laminate • Hardwood Floor • Painting
Guaranteed $1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2", 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

